# ਆਤਮ ਰੰਗ

AKHAND KIRTANI JATHA (REGD.)

ਜਿਲਦ ੨੪ | ਜਨਵਰੀ 2024 | ਪੋਹ-ਮਾਘ 555 ਨਾਨਕਸ਼ਾਹੀ | January 2024 | ਅੰਕ 1

## ਤਹੀ ਪ੍ਰਕਾਸ਼ ਹਮਾਰਾ ਭਯੋ ਪਟਨਾ ਸਹਰ ਬਿਖੈ ਭਵ ਲਯੋ




ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਇਸ ਪਾਵਨ ਧਰਤ 'ਤੇ ਹੋਇਆ। ਸਾਹਿਬਾਂ ਨੇ ਇਥੇ ਬਾਲ ਲੀਲ੍ਹਾ ਦੀਆਂ ਖੇਡਾਂ ਖੇਡ ਖੇਡ, ਸ੍ਰੀ ਅਨੰਦਪੁਰ ਨੂੰ ਚਾਲੇ ਪਾਏ। ਸਿੱਖੀ ਪ੍ਰਚਾਰ ਦਾ ਧੁਰਾ ਪਟਨਾ ਸਾਹਿਬ ਗੁਰੂ-ਪੰਥ ਵਲੋਂ ਪ੍ਰਵਾਣਿਤ ਤੇ ਸਵੀਕਾਰਤ ਦੂਸਰਾ ਤਖ਼ਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸਾਰਾ ਸੰਸਾਰ 17.01.2024 ਨੂੰ ਪ੍ਰੇਮ ਪੁਰਵਕ ਮਨਾ ਰਿਹਾ ਹੈ।

**ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ ॥**
**ਦਿਨੁ ਭੀ ਗਾਵਉ ਰੈਨੀ ਗਾਵਉ, ਗਾਵਉ ਸਾਸਿ ਸਾਸਿ ਰਸਨਾਰੀ ।।।**








ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 13.12.2023 ਤੋਂ ਲੈ ਕੇ 17.12.2023 ਤਕ ਅਖੰਡ ਕੀਰਤਨੀ ਜੱਥਾ ਪਟਨਾ ਸਾਹਿਬ ਵੱਲੋਂ ਪਟਨਾ ਸਾਹਿਬ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

ੴ ਠਾਕੁਰ ਗਾਈਐ ਆਤਮ ਰੰਗ ੴ

# ਆਤਮ ਰੰਗ

AKHAND KIRTANI JATHA (REGD.)

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੪ ਜਨਵਰੀ 2024 ਪੋਹ-ਮਾਘ 555 ਨਾਨਕਸ਼ਾਹੀ January 2024 ਅੰਕ 1

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ

**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– ਗੁਰਪੁਰਵਾਸੀ ਪ੍ਰਿੰਸੀਪਲ ਗੰਗਾ ਸਿੰਘ ਜੀ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਗੁਰੂ ਦਸ਼ਮੇਸ਼ ਪਾਤਸ਼ਾਹ ਦਾ ਆਦਰਸ਼ 9
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਧੰਨ ਗੁਰੂ ਗੋਬਿੰਦ ਸਿੰਘ ਜੀ 11
  *– ਸੁਰਜੀਤ ਸਿੰਘ 'ਸਾਜਨ'*
- ਨਾਮ ਬਾਣੀ ਦੇ ਅਭਿਆਸੀਆਂ ਦਾ ਬਣਾਇਆ ਤੇ ਵਰਤਾਇਆ ਲੰਗਰ 12
  *– ਬੀਬੀ ਸੁਸ਼ੀਲ ਕੌਰ ਜੀ*
- ਬਿਬੇਕੀ ਸਿੰਘ ਸਿੰਘਣੀ ਦੇ ਗੁਣ 13
- ਚਮਤਕਾਰੀ ਸ਼ਖਸੀਅਤ ਗੁਰੂ ਗੋਬਿੰਦ ਸਿੰਘ ਜੀ 14
  *– ਭਾਈ ਜੇ. ਪੀ. ਸੰਗਤ ਸਿੰਘ ਜੀ*
- ਜਦ ਗੁਰੂ ਗੋਬਿੰਦ ਸਿੰਘ ਜੀ ਦਿੱਲੀ ਆਏ 15
  *– ਗਿਆਨੀ ਭਜਨ ਸਿੰਘ ਜੀ*
- ਦਸਮੇਸ਼ ਪਿਤਾ ਜੀ – ਅਖੰਡਤਾ ਤੇ ਸ਼ਕਤੀ ਦੇ ਪੁੰਜ 17
  *– ਭਾਈ ਸੱਜਣ ਸਿੰਘ ਜੀ*
- ਦਸਮੇਸ਼ ਜੀ ਦੇ ਸਾਂਗੋ ਪਾਂਗ ਦਰਸ਼ਨ 20
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਦੁਸ਼ਟ-ਦਮਨ ਗੁਰੂ ਗੋਬਿੰਦ ਸਿੰਘ ਜੀ 21
  *– ਬੀਬੀ ਸਰਬਜੋਤ ਕੌਰ ਜੀ*
- ਧੰਨ ਗੁਰੂ ਗੋਬਿੰਦ ਸਿੰਘ ਜੀ 23
  *– ਭਾਈ ਗੁਰਦੇਵ ਸਿੰਘ 'ਗੌਹਰ'*
- ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ 24
  *– ਬੀਬੀ ਸਤਵਿੰਦਰ ਕੌਰ ਜੀ*
- ਕਲਗੀਆਂ ਵਾਲੇ ਸੋਹਣੇ ਪ੍ਰੀਤਮ 27
  *– ਭਾਈ ਅਤਰ ਸਿੰਘ 'ਨੀਰ'*
- ਕੌਮੀ ਆਗੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ 28
  *– ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ*
- ਦਸਮੇਸ਼ ਪਿਤਾ ਜੀ ਰਾਜ ਜੋਗੀ ਦੇ ਰੂਪ ਵਿਚ 32
  *– ਪ੍ਰਿੰਸੀਪਲ ਸੱਜਣ ਸਿੰਘ ਜੀ*
- ਜਬ ਲਗ ਖ਼ਾਲਸਾ ਰਹੇ ਨਿਆਰਾ 37
  *– ਡਾ. ਇੰਦਰ ਪਾਲ ਕੌਰ ਜੀ*

## *ਸੰਪਾਦਕੀ...*

ਸਮੂਹ ਪਾਠਕਾਂ ਨੂੰ 'ਆਤਮ ਰੰਗ' ਪਰਿਵਾਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼-ਪੁਰਬ ਦੀ ਲੱਖ ਲੱਖ ਵਧਾਈ ਹੋਵੇ। ਕੁਝ ਅਜੀਵ ਕਾਰਨਾਂ ਕਰਕੇ ਦਸਵੇਂ ਪਾਤਸ਼ਾਹ ਦੀ ਬਾਣੀ ਦੀਆਂ ਮੂਲ ਧਾਰਨਾਵਾਂ ਵੱਲ ਸਿਖ ਸੰਗਤਾਂ ਦਾ ਧਿਆਨ ਘਟਦਾ ਦਿਸਦਾ ਹੈ। ਅਸੀਂ ਉਹਨਾਂ ਕਾਰਨਾਂ ਦੇ ਜ਼ਿਕਰ ਤੋਂ ਸੰਕੋਚ ਕਰਦੇ ਹੋਏ ਕੁਝ ਪ੍ਰਮੁੱਖ ਵਿਚਾਰ ਦਸਵੇਂ ਪਾਤਸ਼ਾਹ ਦੀ ਰਚਿਤ ਬਾਣੀ 'ਅਕਾਲ ਉਸਤਤਿ' ਅਤੇ 'ਜਾਪੁ ਸਾਹਿਬ' ਵਿੱਚੋਂ ਪਾਠਕਾਂ ਨਾਲ ਸਾਂਝੇ ਕਰਦੇ ਹਾਂ। ਦਸਵੇਂ ਪਾਤਸ਼ਾਹ ਦੀ ਅਧਿਆਤਮਿਕ ਵਿਚਾਰਧਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਗਤੀ ਪ੍ਰਧਾਨ ਮੂਲ ਵਿਚਾਰਧਾਰਾ ਨੂੰ ਇਕ ਨਵੇਂ ਅੰਦਾਜ਼ ਵਿਚ ਉਸ ਸਮੇਂ ਦੀਆਂ ਸੰਗਤਾਂ ਸਾਹਮਣੇ ਰੱਖਿਆ ਗਿਆ। ਸਤਿਗੁਰੂ ਜੀ ਦਾ ਅੰਦਾਜ਼ੇ-ਬਿਆਨ ਮੌਲਿਕ ਅਤੇ ਉਸ ਸਮੇਂ ਦੀਆਂ ਪ੍ਰਚਲਿਤ ਬੋਲੀਆਂ ਅਤੇ ਕਾਵਿ-ਰੂਪਾਂ ਨਾਲ ਸਜਾਇਆ ਹੋਇਆ ਹੈ –

*ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥*
*ਨਮਸਤੰ ਅਮਜਬੇ ॥ ਨਮਸਤਸਤੁ ਅਜਬੈ ॥*
*ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥*
*ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥*

ਅਕਾਲ ਪੁਰਖ ਇਕ ਹੈ, ਪਰ ਇਕ ਹੁੰਦੇ ਹੋਏ ਭੀ ਸਰਬ-ਵਿਆਪੀ ਹੈ, ਅਨੇਕਾਂ ਰੂਪਾਂ ਰੰਗਾਂ ਵਿਚ ਰਵਿਆ ਹੋਇਆ ਹੈ। ਉਸਦਾ ਕੋਈ ਮਜ਼ਹਬ ਨਹੀਂ, ਉਹ ਸਭ ਦਾ ਕਾਲ ਹੈ, ਸਭ ਨੂੰ ਪੈਦਾ ਕਰਨ ਵਾਲਾ ਹੈ। ਉਹ "ਪ੍ਰਣਵੋ ਆਦਿ ਏਕੰਕਾਰਾ" ਹੈ। ਉਹ "ਓਅੰ ਆਦਿ ਰੂਪੇ ॥ ਅਨਾਦਿ ਸਰੂਪੈ ॥128 ॥" (ਜਾਪੁ) ਹੈ। ਉਹ ਪਰਮ-ਸੱਤਾ ਅਜੋਨੀ ਹੈ, ਆਪਣੇ ਆਪ ਹੋਂਦ ਵਿਚ ਆਈ। ਉਹ ਸੈਭੰ ਹੈ। 'ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥199 ॥" (ਜਾਪੁ ਸਾਹਿਬ)।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮ-ਸੱਤਾ ਨੂੰ ਕਿਰਪਾਲੂ, ਦਿਆਲੂ ਅਤੇ ਜੁਗਾਂ ਜੁਗਾਂ ਤੋਂ ਭਗਤਾਂ ਦਾ ਸਹਾਈ ਮੰਨਿਆ ਗਿਆ ਹੈ। ਇਹ ਅਕਾਲ ਪੁਰਖ ਦਾ ਕੋਮਲ ਰੂਪ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸ਼ਹੀਦੀਆਂ ਨੇ ਸਿਖ ਗੁਰੂ ਸਾਹਿਬਾਨ ਦੀ ਸੋਚ ਵਿਚ ਤਬਦੀਲੀ ਲਿਆਉਣੀ ਸ਼ੁਰੂ ਕੀਤੀ। ਦਸਵੇਂ ਸਤਿਗੁਰੂ ਜੀ ਦੇ ਸਮੇਂ ਤਕ ਸਮਾਜਿਕ ਅਤੇ ਰਾਜਨੀਤਕ ਤਬਦੀਲੀਆਂ ਨੂੰ ਮੁਖ ਰੱਖਦਿਆਂ ਉਪਰੋਕਤ ਦੋ ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਤੋਂ ਸਿਖ ਸੰਗਤਾਂ ਵਿਚ ਜੋ ਭੈ-ਭੀਤ ਦਸ਼ਾ ਆਈ, ਉਸ ਤੋਂ ਉਭਾਰਨ ਲਈ ਵੀਰਤਾ ਦੀ ਭਾਵਨਾ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ, ਧਰਮ-ਯੁੱਧ ਦੀ ਪ੍ਰੇਰਨਾ ਦੇਣ ਲਈ ਦਸਵੇਂ ਸਤਿਗੁਰੂ ਜੀ ਨੇ ਵੀਰਤਾ ਭਰਪੂਰ ਸਾਹਿਤ ਦੀ ਰਚਨਾ ਆਪ ਭੀ ਕੀਤੀ ਅਤੇ ਆਪਣੇ 52 ਕਵੀਆਂ ਪਾਸੋਂ ਭੀ ਕਰਵਾਈ।

ਇਸ ਦੇ ਫਲਸਰੂਪ ਰੱਬ ਦੇ ਕੋਮਲ ਸਰੂਪ ਦੀ ਵਿਚਾਰਧਾਰਾ ਦੇ ਨਾਲ ਨਾਲ ਜੁਝਾਰੂ ਕਲਪਨਾ ਰੱਖਣਾ ਜ਼ਰੂਰੀ ਸਮਝਿਆ ਗਿਆ। 'ਅਹਿੰਸਾ ਪਰਮੋ ਧਰਮਾ' ਵਾਲੇ ਧਰਮ, ਸਮੇਂ ਸਿਰ ਸਮਾਜ ਨੂੰ ਜੁਝਾਰੂ ਕਲਪਨਾ ਦੀ ਸੇਧ ਨਾ ਦੇ ਸਕੇ, ਜਿਸ ਕਰਕੇ ਭਾਰਤ ਗ਼ੁਲਾਮ ਹੋਇਆ। ਦਸਵੇਂ ਸਤਿਗੁਰਾਂ ਨੇ ਭਗਤੀ ਅਤੇ ਸ਼ਕਤੀ, ਸੰਤ ਅਤੇ ਸਿਪਾਹੀ ਦਾ ਪਰਸਪਰ ਮੇਲ ਸਤਾਰ੍ਹਵੀਂ ਸਦੀ ਦੇ ਹਿੰਦੂ ਸਮਾਜ ਸਾਹਮਣੇ ਰੱਖਿਆ। ਇਸੇ ਜੁਝਾਰੂ ਵਿਚਾਰਧਾਰਾ ਵਿੱਚੋਂ ਹੀ ਖ਼ਾਲਸਾ ਪੰਥ ਦਾ ਪ੍ਰਗਟ ਹੋਣਾ ਸਮੇਂ ਦੀ ਲੋੜ ਸੀ। ਇਸ ਜੁਝਾਰੂ ਵਿਚਾਰਧਾਰਾ ਨੂੰ ਅਕਾਲ ਪੁਰਖ ਦੇ ਮਹਾਨ ਗੁਣਾਂ ਨਾਲ ਜੋੜਿਆ ਗਿਆ ਹੈ। ਜਾਪੁ ਸਾਹਿਬ ਵਿਚ ਇਸ ਦੇ ਸੰਕੇਤ ਮਿਲਦੇ ਹਨ –

*ਗ਼ਨੀਮੁਲ ਖ਼ਿਰਾਜ ਹੈਂ। ਗ਼ਰੀਬੁਲ ਨਿਵਾਜ਼ ਹੈ।*
*ਹਰੀਫੁਲ ਸ਼ਿਕੰਨ ਹੈਂ। ਹਿਰਾਸੁਲ ਫ਼ਿਕੰਨ ਹੈਂ ॥153 ॥*
*ਬ੍ਰਹਮੰਡਸ ਹੈਂ। ਖਲ ਖੰਡਸ ਹੈਂ ॥176 ॥*
*ਨਰ ਨਾਇਕ ਹੈਂ। ਖਲ ਘਾਇਕ ਹੈਂ ॥180 ॥*
*ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥187 ॥*

ਅਕਾਲ ਪੁਰਖ ਜੀ ਨੂੰ ਵਿਸ਼ੇਸ਼ਣ ਦੀ ਵੀਰਤਾ ਭਾਵਨਾ ਵਾਲੇ ਦਿੱਤੇ ਗਏ ਹਨ, ਜੋ ਉਸ ਸਮੇਂ ਦੇ ਉਪਲੱਬਧ ਧਾਰਮਿਕ ਸਾਹਿਤ ਵਿਚ ਨਹੀਂ ਮਿਲਦੇ। "ਸੱਤ੍ਰੰ ਪ੍ਰਣਾਸੀ", "ਰਿਪੁ ਤਾਪਨ ਹੈਂ"। ਇਉਂ ਸਤਿਗੁਰਾਂ ਨੇ ਭੈ-ਭੀਤ ਹੋਏ ਹਿੰਦੂ ਸਮਾਜ ਸਾਹਮਣੇ ਪਰ ਸੱਤਾ ਦਾ ਦੁਸ਼ਟ-ਦਮਨਕਾਰੀ ਰੂਪ ਬੜੇ ਜ਼ੋਰਦਾਰ ਸ਼ਬਦਾਂ ਵਿਚ ਰੱਖਿਆ, ਜਿਸ ਨਾਲ ਜ਼ਾਲਮ ਅਤੇ ਜ਼ੁਲਮ ਨੂੰ ਨਸ਼ਟ ਕਰਨ ਲਈ ਸਿੰਘਾਂ ਨੇ ਹਥਿਆਰਬੰਦ ਹੋ ਕੇ ਖ਼ਾਲਸਾ ਪੰਥ ਦੀ ਸਾਜਨਾ ਸੰਨ 1699 ਤੋਂ 1799 ਤਕ ਪੂਰੇ ਇਕ ਸੌ ਸਾਲ ਸੰਘਰਸ਼ ਕਰ ਕੇ ਪੰਜਾਬ ਵਿੱਚੋਂ ਮੁਗ਼ਲ ਸਾਮਰਾਜ ਨੂੰ ਖ਼ਤਮ ਕੀਤਾ ਅਤੇ ਭਾਰਤ ਦੇ ਪੱਛਮ ਤੋਂ ਅਫ਼ਗ਼ਾਨੀਆਂ ਦੇ ਹਮਲਿਆਂ ਨੂੰ ਸਦਾ ਲਈ ਸਮਾਪਤ ਕਰ ਦਿੱਤਾ। ਅਹਿੰਸਾਵਾਦੀ ਮਹਾਤਮਾ ਗਾਂਧੀ ਦੀ ਖੋਖਲੀ ਸੋਚ ਦਾ ਇਥੋਂ ਪਤਾ ਲੱਗਦਾ ਹੈ ਕਿ ਉਹਨਾਂ ਨੇ ਦਸਵੇਂ ਸਤਿਗੁਰਾਂ ਨੂੰ ਭੁੱਲਿਆ ਭਟਕਿਆ ਹੋਇਆ ਦੇਸ਼ ਭਗਤ ਕਹਿ ਦਿੱਤਾ ਸੀ। ਗਾਂਧੀ ਤਾਂ ਇਕ ਭੁੱਲੜ ਮਨੁੱਖ ਸੀ। ਉਸਨੂੰ ਕੀ ਪਤੈ ਦਸਵੇਂ ਪਾਤਸ਼ਾਹ ਨੇ ਕਿਵੇਂ ਆਪਣੇ ਸਮੇਂ ਦੇ ਭੈ-ਭੀਤ ਹੋਏ ਸਮਾਜ ਨੂੰ ਧਰਮ-ਯੁੱਧ ਲਈ ਤਿਆਰ ਕੀਤਾ। ਸਤਿਗੁਰੂ ਜੀ "ਅਭੁੱਲ ਗੁਰੂ ਕਰਤਾਰ" ਹਨ। ਉਹ ਗਾਂਧੀ ਵਰਗੇ ਦੇਸ਼ ਭਗਤ ਨਹੀਂ ਸਨ। ਉਹਨਾਂ ਨੂੰ ਅਕਾਲ ਪੁਰਖ ਵੱਲੋਂ ਇਕ ਮਹਾਨ ਕਾਰਜ ਸੌਂਪਿਆ ਗਿਆ ਸੀ –

*ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥ ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥42 ॥ ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥ ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥43 ॥*

*ਬਚਿੱਤ੍ਰ ਨਾਟਕ*

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥* *ਅੰਗ – 135*

**ਸ਼ਬਦਾਰਥ**

ਇਸ ਪਉੜੀ ਦੇ ਸਤਰ-ਵਾਰ ਅੱਖਰੀ ਅਰਥ ਇਸ ਤਰ੍ਹਾਂ ਹੋਣਗੇ –

1) ਇਸ ਜੀਵਨ ਵਿਚ (ਮਾਘਿ) ਉੱਤਮ ਇਸ਼ਨਾਨ ਉਹ ਹੀ ਹੈ, ਜੋ ਮਹਾਨ ਪੁਰਸ਼ਾਂ ਦੀ ਸੰਗਤ ਵਿਚ ਹੋਵੇ ਤੇ ਜੋ ਸੰਤਾਂ ਦੀ ਧੂੜੀ ਵਿਚ ਹੋਵੇ।

2) (ਇਸ ਜੀਵਨ ਵਿਚ ਉੱਤਮ ਇਸ਼ਨਾਨ) ਨਾਮ ਦਾ ਜਪਣਾ ਹੈ, ਨਾਮ ਦਾ ਸੁਣਨਾ ਹੈ ਤੇ ਨਾਮ ਦਾ ਦੂਜਿਆਂ ਪਾਸੋਂ ਜਪਾਣਾ ਹੈ।

3) (ਕਿਉਂਕਿ) ਨਾਮ ਦੇ ਇਸ਼ਨਾਨ ਦੁਆਰਾ ਹੀ ਜਨਮ-ਜਨਮਾਂਤ੍ਰਾਂ ਦੇ ਕਰਮਾਂ ਦੀ ਮੈਲ ਉਤਰਦੀ ਹੈ ਤੇ ਮਨ ਵਿੱਚੋਂ ਹੰਕਾਰ ਦਾ ਅਭਾਵ ਹੁੰਦਾ ਹੈ।

4) (ਇਸੇ ਨਾਮ ਦੇ ਇਸ਼ਨਾਨ ਕਰਕੇ ਹੀ) ਮਨੁੱਖ ਕਾਮ, ਕ੍ਰੋਧ, ਮੋਹ ਤੋਂ ਉੱਚਾ ਉਠਦਾ ਹੈ ਤੇ (ਇਸੇ ਇਸ਼ਨਾਨ ਕਰਕੇ) ਮਨੁੱਖ ਦੇ ਅੰਦਰੋਂ ਲੋਭ-ਕੁੱਤਾ ਨਾਸ਼ ਹੁੰਦਾ ਹੈ।

5) (ਇਸੇ ਨਾਮ ਦੇ ਇਸ਼ਨਾਨ ਦੁਆਰਾ ਹੀ ਸੱਚਾਈ ਦਾ ਮਾਰਗ ਪ੍ਰਾਪਤ ਹੁੰਦਾ ਹੈ) ਤੇ ਸੱਚਾਈ ਦੇ ਮਾਰਗ 'ਤੇ ਚੱਲਣ ਵਾਲੇ ਮਨੁੱਖ ਦੀ ਸਾਰਾ ਸੰਸਾਰ ਉਸਤਤੀ ਕਰਦਾ ਹੈ।

6) (ਇਸੇ ਨਾਮ ਦੇ ਇਸ਼ਨਾਨ ਦੁਆਰਾ ਹੀ) ਮਨੁੱਖ ਵਿਚ ਓਨੀ ਪਵਿੱਤਰਤਾ ਉਪਜਦੀ ਹੈ) ਜਿੰਨੀ ਅਠਾਹਠ ਪਵਿੱਤਰ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਜਾਂ ਸਾਰੇ ਪਵਿੱਤਰ ਧਰਮ ਕਰਮ ਕਰਨ ਨਾਲ ਜਾਂ ਜੀਵਾਂ 'ਤੇ ਦਇਆ ਕਰਨ ਨਾਲ ਉਪਜਦੀ ਹੈ ਤੇ ਜੋ ਪਵਿੱਤਰਤਾ ਦਾ ਇਕ ਪ੍ਰਮਾਣਿਕ ਮਿਆਰ (ਪਰਵਾਨੁ) ਹੈ।

7) (ਇਸ ਨਾਮ ਦਾ ਇਸ਼ਨਾਨ) ਜਿਸ ਮਨੁੱਖ ਨੂੰ ਪਰਮਾਤਮਾ ਆਪਣੀ ਕ੍ਰਿਪਾ ਦੁਆਰਾ ਦੇਵੇ, ਉਹ ਹੀ ਸਿਆਣਾ ਮਨੁੱਖ ਮੰਨਿਆ ਜਾਂਦਾ ਹੈ।

8) (ਇਹ ਨਾਮ-ਇਸ਼ਨਾਨ ਹੀ) ਪ੍ਰਭੂ ਮਿਲਾਪ ਦਾ ਸਾਧਨ ਹੈ ਤੇ ਮੈਂ ਉਨ੍ਹਾਂ ਤੋਂ ਕੁਰਬਾਨ ਹਾਂ, ਜਿਨ੍ਹਾਂ ਨੂੰ ਇਸ ਤਰ੍ਹਾਂ ਪ੍ਰਭੂ-ਮਿਲਾਪ ਪ੍ਰਾਪਤ ਹੋਇਆ ਹੈ।

9) ਇਸ ਜੀਵਨ ਵਿਚ ਸੁੱਚੇ ਉਹ ਹੀ ਸਮਝੇ ਜਾਣਗੇ ਜਿਨ੍ਹਾਂ 'ਤੇ ਪੂਰਾ ਗੁਰੂ ਮਿਹਰਵਾਨ ਹੈ, ਭਾਵ ਜੋ ਬਾਣੀ ਦੀ ਵਿਚਾਰ ਵਿਚ ਲੱਗੇ ਹਨ।



# ਅਣਡਿੱਠੀ ਦੁਨੀਆ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਗੁਰੂ ਕੀ ਸਰਣ ਆਉਣ ਤੋਂ ਤੇ ਗੁਰੂ ਕੀ ਸਰਣ ਪੈਣ ਤੋਂ, ਭਾਵ ਗੁਰ-ਦੁਆਰਿਓਂ ਗੁਰ-ਦੀਖਿਆ ਲੈ ਕੇ (ਅੰਮ੍ਰਿਤ ਛਕ ਕੇ) ਗੁਰਸਿਖ ਬਣਨ ਤੋਂ ਹੈ। ਬਸ ਗੁਰੂ ਸਰਨੀਂ ਪਇਆਂ ਹੀ ਕਲਿਆਣ ਹੈ ਅਤੇ ਜਨਮ ਮਰਨ ਦੇ ਗੇੜ ਦਾ ਨਿਬੇੜਾ ਹੈ ਅਤੇ ਜਮਦੂਤਾਂ ਦੇ ਦੁਤੇੜੇ ਦਾ ਭੈ-ਨਿਵਿਰਤੋੜਾ ਹੈ। ਇਸ ਬਿਧਿ, ਕੇਵਲ ਇਸ ਬਿਧਿ ਹੀ ਸਚੀ ਦਰਗਹ ਮਾਨ ਪਾਉਣ ਦਾ ਸਚਾ ਮਰਤਬਾ ਮਿਲਦਾ ਹੈ, ਹੋਰ ਕਿਸੇ ਬਿਧਿ ਨਹੀਂ। ਹਰਿ ਦਰਗਾਹ ਦਾ ਮਰਤਬਾ ਜਿਨ੍ਹਾਂ ਪਾਇਆ ਹੈ, ਤਿਨ੍ਹਾਂ ਜੀਉਂਦੇ-ਜੀ ਹੀ ਪਾਇਆ ਤੇ ਦੇਖ ਲੀਤਾ ਹੈ। ਤਾਂਤੇ ਅਗਲੀ ਦਰਗਾਹ ਦੀ ਹੋਂਦ ਬਾਰੇ ਰੋਚਕ ਧੋਖਾ ਭੁਲੇਖਾ ਨਹੀਂ ਰਹਿੰਦਾ ਹੈ। ਯਥਾ ਗੁਰਵਾਕ...

*ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ॥*
*ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ ॥੨॥(੪॥੧੩॥੨੪)* *ਅੰਗ - ੬੧੫*

ਸਤਿਗੁਰੂ ਨਾਨਕ ਦਾ ਇਹ ਅਟੱਲ ਬਚਨ ਹੈ ਕਿ ਜਿਸ ਦੇ ਮਸਤਕ ਤੇ ਸਤਿਗੁਰੂ ਸਚੇ ਪਾਤਸ਼ਾਹ ਨੇ ਸਫਲ ਸੁਲਖਣਾ ਹਸਤ ਕੰਵਲ ਧਾਰਿਆ ਹੈ, ਉਸਦਾ ਗੁਣ ਅਵਗੁਣ ਨਹੀਂ ਵੀਚਾਰਿਆ, ਉਸ ਦੇ ਹਲਤ ਪੁਲਤ ਦੋਵੇਂ ਹੀ ਸਵਾਰੇ ਗਏ ਹਨ। ਸਤਿਗੁਰੂ ਨੇ ਸੰਵਾਰ ਦਿਤੇ ਹਨ। ਹਲਤ ਇਹ ਲੋਕ ਅਤੇ ਪਲਤ ਅਗਲਾ ਲੋਕ ਦੋਵੇਂ ਹੀ ਸੰਵਾਰ ਦਿਤੇ ਗਏ ਹਨ। ਯਥਾ ਗੁਰਵਾਕ -

*ਹਲਤੁ ਪਲਤੁ ਪ੍ਰਭੁ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥*
*ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ॥੨॥੧੧॥੪੯॥* *ਅੰਗ - ੬੨੧*

੨ ਅਣਡਿਠੀ ਦੁਨੀਆ ਪ੍ਰਭ ਸਤਿਗੁਰ ਦੀਨ ਦਇਆਲ ਹੀ ਐਥੇ ਓਥੇ ਰਖਵਾਲਾ ਹੈ -

*ਐਥੈ ਓਥੈ ਰਖਵਾਲਾ॥*
*ਪ੍ਰਭ ਸਤਿਗੁਰ ਦੀਨ ਦਇਆਲਾ॥੧॥(੨॥੧੪॥੭੮)*
*ਅੰਗ - ੬੨੮*

ਐਥੈ ਓਥੈ ਤੋਂ ਭਾਵ ਸਾਫ਼ ਲੋਕ ਪਰਲੋਕ ਤੋਂ ਹੈ। ਪਰੰਤੂ ਪ੍ਰਭ ਸਤਿਗੁਰੁ ਉਸੇ ਉਤੇ ਹੀ ਦਇਆਲ ਹੁੰਦਾ ਹੈ, ਜੋ ਦੀਨ ਹੋ ਕੇ ਉਸ ਦੀ ਸਰਣਿ ਆਇਆ ਹੈ ਅਤੇ ਸਰਣ ਆ ਕੇ ਸਿਮਰਨ-ਛਾਂਦਾ ਪਾਇਆ ਹੈ। ਸਿਮਰਨ-ਛਾਂਦਾ ਸਤਿਗੁਰੂ ਦੁਆਰਿਓਂ ਪਾਇ ਕੇ ਜਿਸ ਨੇ ਇਕ ਨਿਮਖ ਭੀ ਆਹਲਾ ਅਵੇਸਲਾ ਨਹੀਂ ਜਾਣ ਦਿਤਾ, ਉਸ ਦਾ ਹਰਿ ਦਰਗਹਿ ਮੁਖ ਉਜਲਾ ਥੀਆ ਹੈ। ਉਸ ਦਾ ਸੁਖਾਂ ਵਿਚ ਵਾਸਾ ਹੋਇਆ ਹੈ। ਯਥਾ ਗੁਰਵਾਕ -

*ਅਪਨੇ ਕਾਜ ਕਉ ਕਿਉ ਅਲਕਾਈਐ॥*
*ਜਿਤੁ ਸਿਮਰਨਿ ਦਰਗਹ ਮੁਖੁ ਊਜਲ ਸਦਾ ਸਦਾ ਸੁਖੁ ਪਾਈਐ॥੧॥ਰਹਾਉ॥੪॥੧੯॥੮੩)* *ਅੰਗ - ੬੨੯*

ਜਿਹੜੇ ਗੁਰਮੁਖ ਆਪਣਾ ਕਾਰਜ ਸਾਰ ਸੰਵਾਰ ਕੇ ਇਸ ਸੰਸਾਰ ਵਿਚੋਂ ਚਲੇ ਹਨ, ਸੋਈ ਦਰਗਹਿ ਅੰਦਰ ਜਾਣੇ ਪਰਵਾਣੇ ਜਾਂਦੇ ਹਨ। ਮਨਮੁਖ ਮੈਲੀਆਂ ਡੁੰਮਣੀਆਂ ਨੂੰ ਦਰਗਹਿ ਅੰਦਰਿ ਥਾਉਂ ਨਹੀਂ ਮਿਲਦਾ। ਯਥਾ ਗੁਰਵਾਕ-

*ਮਨਮੁਖਿ ਮੈਲੀ ਡੁੰਮਣੀ ਭਾਈ ਦਰਗਹ ਨਾਹੀ ਥਾਉ॥ ੬॥(੮॥੩)* *ਅੰਗ - ੬੩੯*

ਐਥੇ ਜਨਮ ਬਿਰਥਾ ਗਵਾ ਕੇ ਤੇ ਪਾਪ ਕਮਾ ਕੇ ਜੋ ਪਾਪੀ ਐਥੇ ਦਾਗ ਦੋਸ ਮੁਹਿ ਲਾ ਚਲਿਆ ਹੈ, ਉਸ ਨੂੰ ਦਰਗਹ ਅੰਦਰਿ ਬੈਠਣ ਨੂੰ ਜਗ੍ਹਾ ਨਹੀਂ ਮਿਲਦੀ। ਗੁਰਵਾਕ-

*ਦਾਗ ਦੋਸ ਮੁਹਿ ਚਲਿਆ ਲਾਇ॥*
*ਦਰਗਹ ਬੈਸਣੁ ਨਾਹੀ ਜਾਇ॥੩॥(੪॥੩॥੫)*
*ਅੰਗ - ੬੬੨*

ਜਿਨ੍ਹਾਂ ਜਨਾਂ ਨੇ ਸਤਿਗੁਰ ਨੂੰ ਸੇਵਿਆ ਸਿਮਰਿਆ

ਹੈ, ਸੇ ਭਵਜਲ ਤਰ ਗਏ ਹਨ। ਜਿਨ੍ਹਾਂ ਸਾਸਿ ਗਿਰਾਸਿ ਮੁਖੋਂ ਹਰਿ ਹਰਿ ਨਾਮ ਹੀ ਉਚਾਰਨ ਕੀਤਾ ਹੈ, ਤਿਨ੍ਹਾਂ ਨੂੰ ਜਮ ਛਡ ਗਿਆ ਹੈ, ਜੋਹਣੋਂ ਹਟ ਗਇਆ ਹੈ। ਜਿਨ੍ਹਾਂ ਸਾਰੀ ਆਯੂ ਵਾਹਿਗੁਰੂ ਜਾਪ ਜਪਣ ਵਿਚ ਬਿਤੀਤ ਕਰਕੇ ਤੋੜ ਨਿਬਾਹੀ ਹੈ, ਉਹ ਗੁਰਮੁਖ ਜਨ ਅਕਾਲ ਪੁਰਖ ਦੀ ਦਰਗਾਹ, ਦਰਗਾਹ ਪੈਧੇ ਜਾਂਦੇ ਹਨ। ਯਥਾ ਗੁਰਵਾਕ -

*ਜੋ ਸੇਵਹਿ ਸਤਿ ਮੁਰਾਰਿ ਸੇ ਭਵਜਲ ਤਰਿ ਗਇਆ॥*
*ਜੋ ਬੋਲਹਿ ਹਰਿ ਹਰਿ ਨਾਉ ਤਿਨ ਜਮੁ ਛਡਿ ਗਇਆ॥*
*ਸੋ ਦਰਗਹ ਪੈਧੇ ਜਾਹਿ ਜਿਨਾ ਹਰਿ ਜਪਿ ਲਇਆ ॥੭॥*
*ਅੰਗ - ੬੪੫*

ਸਚੇ ਸਾਹਿਬ ਨੂੰ ਭਾਏ ਹੋਏ ਸੇਵਕ ਜਨ ਹੀ ਪਰਵਾਣ ਹਨ। ਸੇਈ ਸੇਵਕ ਹੀ ਦਰਗਹ ਅੰਦਰਿ ਮਾਣ ਪਾਉਂਦੇ ਹਨ। ਜਿਹੜਾ ਪੜ੍ਹਿਆ ਹੋਇਆ ਨਾਮ ਨੂੰ ਬੁਝਦਾ ਹੈ, ਸੋਈ ਪੜ੍ਹਿਆ ਹੋਇਆ ਪਰਵਾਨ ਹੈ। ਤਿਸ ਦੇ ਸੀਸ ਤੇ ਦਰਗਹ-ਪਰਵਾਨਗੀ ਦਾ ਨੀਸਾਣ ਲਿਖਿਆ ਜਾਂਦਾ ਹੈ। ਕਿਸੇ ਜਣੇ ਕਣੇ ਦੇ ਥੋੜ ਲਿਖਿਆ ਜਾਂਦਾ ਹੈ। ਗੁਰਵਾਕ -

*ਪੜਿਆ ਬੂਝੈ ਸੋ ਪਰਵਾਣੁ॥*
*ਜਿਸੁ ਸਿਰਿ ਦਰਗਹ ਕਾ ਨੀਸਾਣੁ॥੪॥੫॥੭॥*
*ਅੰਗ - ੬੬੨*

ਜਿਵੇਂ ਇਸ ਦੁਨੀਆ ਦਾ ਦਰਬਾਰ ਹੈ, ਤਿਵੇਂ ਦੀਨ ਧਰਮ ਦਾ ਦਰਬਾਰ ਅਗਲੀ ਦੁਨੀਆ ਵਿਖੇ ਭੀ ਹੈ। ਜਿਹੜੇ ਨਿੰਦਕ ਨਰ ਅਗਲੀ ਦੁਨੀਆ ਨੂੰ ਨਹੀਂ ਮੰਨਦੇ ਅਤੇ ਦੀਨ ਧਰਮ ਨੂੰ ਨਿੰਦਦੇ ਹਨ, ਤਿਨ੍ਹਾਂ ਨਿੰਦਕਾਂ ਦਾ ਦੋਹੀਂ ਜਹਾਨੀਂ ਮੂੰਹ ਕਾਲਾ ਹੁੰਦਾ ਹੈ। ਯਥਾ ਗੁਰਵਾਕ -

*ਨਿੰਦਕ ਕਾ ਮੁਖੁ ਕਾਲਾ ਹੋਆ*
*ਦੀਨ ਦੁਨੀਆ ਕੈ ਦਰਬਾਰਿ॥੨॥੧੫॥ ਅੰਗ - ੬੭੪*

ਜਿਸ ਨੂੰ ਆਪ ਪਿਆਰਾ ਪ੍ਰੀਤਮ ਆਪਣੇ ਲੜਿ ਲਾਇ ਲੈਂਦਾ ਹੈ ਤਿਸ ਨੂੰ ਦਰਗਹ ਅੰਦਰਿ ਜਾਇ (ਥਾਂ) ਮਿਲਦੀ ਹੈ। ਉਹੀ ਸੱਚੇ ਭਗਤ ਹਨ, ਜੋ ਸੱਚੇ ਵਾਹਿਗੁਰੂ ਨੂੰ ਭਾਉਂਦੇ ਹਨ ਅਤੇ ਜਮਕਾਲ ਉਸਦਾ ਕੁਛ ਵੀ ਵਿਗਾੜ ਨਹੀਂ ਪਾਉਂਦਾ ਹੈ।

*ਜਿਸ ਨੋ ਆਪਿ ਲਏ ਲੜਿ ਲਾਇ॥*
*ਦਰਗਹ ਮਿਲੈ ਤਿਸੈ ਹੀ ਜਾਇ॥*
*ਸੇਈ ਭਗਤ ਜਿ ਸਾਚੇ ਭਾਣੇ॥*
*ਜ਼ਮ ਕਾਲ ਤੇ ਭਏ ਨਿਕਾਣੇ ॥੩॥(੪॥੩॥੨੪॥)*
*ਅੰਗ - ੬੭੮*

ਸਚੇ ਸਾਹਿਬ ਦਾ ਸਚਾ ਹੀ ਦਰਬਾਰ ਹੈ। ਫੋਕੀਆਂ ਵੀਚਾਰਾਂ ਦੁਆਰਾ ਤਿਸ ਸਾਹਿਬ ਸਚੇ ਦੀ ਤੇ ਤਿਸ ਦੇ ਸਚੇ ਦਰਬਾਰ ਦੀ ਕੀਮਤ ਕਉਣ ਕਹਿ ਸਕਦਾ ਹੈ? ਪਰ ਦਰਬਾਰ ਸੱਚਾ ਹੈ ਸਹੀ। ਕੋਈ ਕਹਿ ਕਥ ਸਕੇ ਯਾ ਨਾ ਕਹਿ ਕਥ ਸਕੇ, ਮੁਨਕਰ ਹੋਣ ਦੀ ਜਾਇ ਨਹੀਂ। ਮਨ ਬਚਨ ਕਰਮ ਕਰ ਸਾਸਿ ਸਾਸਿ ਸਿਮਰਿਆ ਸੰਮਾਲਿਆ ਹੋਇਆ ਵਾਹਿਗੁਰੂ ਨਾਮ ਲੋਕ ਪਰਲੋਕ ਵਿਖੇ ਸਹਾਈ ਹੁੰਦਾ ਹੈ। ਅਤੇ ਜਿਥੇ ਭੀ ਆਰਾਧਿਆ ਜਾਵੇ ਤਿਥੇ ਹੀ ਰਖਵਾਲਾ ਹੁੰਦਾ ਹੈ। ਗੁਰਵਾਕ -

*ਸਿਮਰਉ ਸਿਮਰਿ ਸਿਮਰਿ ਸੁਖ ਪਾਵਉ*
*ਸਾਸਿ ਸਾਸਿ ਸਮਾਲੇ॥*
*ਇਹ ਲੋਕ ਪਰਲੋਕਿ ਸੰਗਿ ਸਹਾਈ*
*ਜਤ ਕਤ ਮੋਹਿ ਰਖਵਾਲੇ॥੧॥(੨॥੧॥੩੨)*
*ਅੰਗ - ੬੭੬*

ਵਾਹਿਗੁਰੂ ਸਿਮਰਨਹਾਰੇ ਜਨ ਵਾਹਿਗੁਰੂ ਦਾ ਨਿਹਚਲ ਧਾਮ ਪਾਇ ਲੈਂਦੇ ਹਨ। ਅਤੁਟ ਸਿਮਰਨ ਸਲਾਹ ਦੇ ਫੈਲ ਤਿਨ੍ਹਾਂ ਦੇ ਜਮਕਾਲ ਨਿਕਟ ਨਹੀਂ ਆਉਂਦਾ। ਐਸੇ ਨਿਹਚਲ-ਧਾਮੀਆਂ ਸਾਧਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਦੀ ਸੰਗਤ ਮੁਕਤਿ-ਦਾਤੀ ਅਤੇ ਬੈਕੁੰਠ ਦਿਵਾਵਣਹਾਰੀ ਹੈ -

*ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ*
*ਨਿਕਟਿ ਨ ਆਵੈ ਜਾਮ॥*
*ਮੁਕਤਿ ਬੈਕੁੰਠ ਸਾਧ ਕੀ ਸੰਗਤਿ*
*ਜਨ ਪਾਇਓ ਹਰਿ ਕਾ ਧਾਮ॥੧॥(੨॥੧੭॥੪੮)*
*ਅੰਗ - ੬੮੨*

ਕ੍ਰਿਪਾਸਿੰਧ ਵਾਹਿਗੁਰੂ ਦੀ ਸੇਵਾ-ਸਿਮਰਨ ਕੀਤਿਆਂ ਸਚੇ ਵਾਹਿਗੁਰੂ ਦੀ ਪ੍ਰਾਪਤੀ ਹੋ ਕਰਿ ਦੋਵੇਂ ਲੋਕ ਸੁਹੇਲੇ ਹੁੰਦੇ ਹਨ -

*ਕ੍ਰਿਪਾਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ*
*॥੧॥(੨॥੧੯॥੫●) ਅੰਗ - ੬੮੨*

ਗੋਬਿੰਦ ਦਾ ਨਾਮ ਸਦ ਸਦਾ ਲੈਣ ਕਰਕੇ ਅਤੇ ਨਿਤਾਪ੍ਰਤਿ ਸਿਮਰਨ ਸੇਵਾ ਵਿਖੇ ਤੱਤਪਰ ਹੋਇਆਂ ਹਲਤ ਵਿਖੇ ਭੀ ਸਚੇ ਸੁਖ ਦੀ ਲੱਭਤਾ ਹੁੰਦੀ ਹੈ ਅਤੇ ਪਲਤ ਵਿਖੇ ਭੀ ਪ੍ਰਮਾਰਥੀ ਸੁਖ ਹਾਸਲ ਹੁੰਦਾ ਹੈ, ਚਿਰਾਣੇ ਪਾਪ ਕਮਾਣੇ ਸਭ ਮਿਟ ਜਾਂਦੇ ਹਨ। ਐਸਾ ਗੁਰੂ ਘਰ ਦੀ ਸਾਧ ਸੰਗਤ ਦਾ ਪਰਤਾਪ ਹੈ। ਮੋਇਆਂ, ਮਨੂਰ ਹੋਇਆਂ ਨੂੰ ਜੀਵਨ ਪਦਵੀ ਮਿਲਦੀ ਹੈ। ਗੁਰਵਾਕ -

*ਹਲਤਿ ਸੁਖੁ ਪਲਤਿ*
*ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ॥*
*ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ*
*ਮਿਲਿ ਮੁਆ ਜੀਜੈ॥੧॥ਰਹਾਉ॥੨॥੨॥੫੪)*
*ਅੰਗ - ੬੮੩*

# ਗੁਰੂ ਦਸ਼ਮੇਸ਼ ਪਾਤਸ਼ਾਹ ਦਾ ਆਦਰਸ਼

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਇਹ ਕਹਿਣਾ ਬਿਲਕੁਲ ਗਲਤ (ਬੇਹੂਦਾ) ਹੈ, ਜੈਸਾ ਕਿ ਆਮ ਕਹਾਵਤ ਵਿਚ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਪਾਤਸ਼ਾਹ ਕੇਵਲ ਹਿੰਦੂ ਧਰਮ ਰਖਸ਼ਕ ਸਨ ਤੇ ਹਿੰਦੂ ਧਰਮ ਦੇ ਹੀ ਗੱਦੀ ਪੀਰ ਸਦਵਾਂਦੇ ਸਨ।

ਆਪੋ ਆਪਣੇ ਖਿਆਲਾਂ ਅਨੁਸਾਰ ਕੋਈ ਕੁਛ ਕਹਿੰਦਾ ਫਿਰੇ, ਪਰੰਤੂ ਹੱਕ ਤਾਂ ਏਸ ਗੱਲ ਵਿੱਚ ਹੈ ਕਿ ਗੁਰੂ ਦਸ਼ਮੇਸ਼ ਪਾਤਸ਼ਾਹ ਹੱਕ-ਪ੍ਰਸਤ ਅਤੇ ਹੱਕ ਦੇ ਮੁਤਲਾਸ਼ੀਆਂ ਦੇ ਸੱਚੇ ਰਹਿਬਰ ਸਨ। ਉਨ੍ਹਾਂ ਦੇ ਪਾਸ ਜੋ ਸ਼ਖਸ ਭੀ ਹੱਕ-ਜੋਇੰਦਾ (ਸੱਚ ਦਾ ਢੰਡਾਊ) ਬਣ ਕੇ ਆਇਆ, ਉਸ ਨੂੰ ਹੀ ਸੱਚੇ ਪਾਤਸ਼ਾਹ ਨੇ ਹੱਕ-ਪ੍ਰਸਤ ਬਣਾ ਦਿੱਤਾ ਅਤੇ ਖੁਦਾਵੰਦ ਸੱਚੇ ਵਾਹਿਗੁਰੂ ਦੇ ਲੜ ਲਾਇਆ। ਗਹਿਰ ਗੰਭੀਰੇ ਮੱਚਦੇ ਜੰਗ ਸਮੇਂ ਭੀ ਗੁਰੂ ਸੱਚੇ ਪਾਤਸ਼ਾਹ ਨੇ ਧਰਮੀ ਲੋਕਾਂ ਦਾ ਅੰਗ ਪਾਲਿਆ ਅਤੇ ਰਾਜਸੀ ਰੁਹਬ ਦਾਬ ਦੀ ਕੁਛ ਪ੍ਰਵਾਹ ਨਹੀਂ ਕੀਤੀ। ਮੱਚਦੇ ਘੋਰ ਜੰਗ ਵਿਚ ਇਕ ਮੁਸਲਮਾਨੀ ਜਰਨੈਲ ਸੈਦ ਬੇਗ ਮੁਸਲਮਾਨੀ ਫੌਜ ਵਿਚੋਂ ਨਿੱਖੜ ਕੇ ਸਿਰਫ਼ ਗੁਰੂ ਦਸ਼ਮੇਸ਼ ਜੀ ਦੇ ਚਰਨਾਂ ਨੂੰ ਆਇਆ, ਅੰਤਰਜਾਮੀ ਗੁਰੂ ਜੀ ਨੇ ਉਸ ਦੀ ਸੱਚੀ ਹੁੱਬ ਪਛਾਣ ਕੇ ਉਸ ਜਰਨੈਲ ਨੂੰ ਇਕ ਅਕਾਲ ਪੁਰਖ ਦਾ ਅਜਿਹਾ ਆਸ਼ਕ ਅਤੇ ਸੱਚਾ ਮਸਤਾਨਾ ਬਣਾ ਦਿੱਤਾ ਕਿ ਉਹ ਯੁਧ-ਭੂਮੀ ਛੱਡ ਕੇ ਅਤੇ ਮੁਸਲਮਾਨੀ ਫ਼ੌਜ ਦੀ ਸਿਪਾਹ-ਸਾਲਾਰੀ ਤਿਆਗ ਕੇ, ਇਕ ਅਕਾਲ ਪੁਰਖ ਦਾ ਸੱਚਾ ਆਸ਼ਕ-ਉਪਾਸ਼ਕ ਬਣ ਗਿਆ। ਬੁੱਧੂ ਸ਼ਾਹ ਸਢੌਰੇ ਵਾਲੇ ਨੇ ਆਪਣੀ ਸਾਰੀ ਅੰਸ਼ ਬੰਸ ਗੁਰੂ ਦਸ਼ਮੇਸ਼ ਜੀ ਦੇ ਸੱਚੇ ਉਪਦੇਸ਼ ਵਿਟਹੁ ਕੁਰਬਾਨ ਕਰ ਦਿੱਤੀ। ਬਾਈ ਧਾਰ ਤੇ ਸਮੱਗਰ ਹਿੰਦੂ ਰਾਜੇ, ਜੋ ਉਸ ਸਮੇਂ ਦੀ ਰਾਜ-ਗਰਦੀ ਦੇ ਦੁਬੈਲ ਬਣੇ ਹੋਏ ਸਨ, ਗੁਰੂ ਦਸ਼ਮੇਸ਼ ਜੀ ਦੇ ਨਜ਼ਰ-ਪਾਤਰ ਨਾ ਹੀ ਬਣੇ, ਨਾ ਹੀ ਉਨ੍ਹਾਂ (ਪਹਾੜੀ) ਰਾਜਿਆਂ ਨੇ ਗੁਰੂ ਸਾਹਿਬ ਜੀ ਦੇ ਉਪਦੇਸ਼ ਉਦੇਸ਼ ਦੁਆਰਾ ਬੁੱਤ-ਪ੍ਰਸਤੀ ਛੱਡੀ ਅਤੇ ਨਾ ਹੀ ਉਨ੍ਹਾਂ ਨੇ ਮੁਸਲਮਾਨੀ ਰਾਜਿਆਂ ਦਾ ਦੁਬੇਲ-ਪੁਣਾ ਤਿਆਗਿਆ। ਏਥੋਂ ਤੱਕ ਕਿ ਗੁਰੂ ਦਸ਼ਮੇਸ਼ ਜੀ ਦਾ ਸੱਚਾ ਦਰਸਾਇਆ ਧਰਮ ਭੀ ਧਾਰਨੋਂ ਮੁਨਕਰ ਹੋ ਗਏ। ਗੁਰੂ ਦਸ਼ਮੇਸ਼ ਸੱਚੇ ਪਾਤਸ਼ਾਹ ਦਾ ਸੱਚਾ ਆਦਰਸ਼ ਪ੍ਰਾਣੀ ਮਾਤ੍ਰ ਨੂੰ ਰਾਹਿ-ਰਾਸਤ ਤੇ ਲਿਆਉਣ ਦਾ ਸੀ। ਬਿਨਾਂ ਜ਼ਾਤ ਪਾਤ ਦੇ ਵਿਤਕਰੇ ਅਤੇ ਦਿਖਾਵੇ ਦੇ ਗੁਰੂ ਸਾਹਿਬ ਨੇ ਅਮਲੀ ਤੌਰ ਪਰ ਕਰਕੇ ਦਿਖਾਇਆ, ਪਰੰਤੂ ਜ਼ਾਤ ਅਭਿਮਾਨੀ ਪਹਾੜੀ ਰਾਜਿਆਂ ਨੂੰ ਗੁਰੂ ਦਸ਼ਮੇਸ਼ ਜੀ ਦੇ ਸੱਚੇ ਸੁੱਚੇ ਉਪਦੇਸ਼ ਦੀ ਇਹ ਤਾਲੀਮ ਮਨਜ਼ੂਰ ਨਹੀਂ ਸੀ। ਉਹ ਮੰਨਣੋਂ ਮੁਨਹਰਫ਼ (ਮੁਨਕਰ) ਹੋ ਗਏ। ਨਾ ਹੀ ਉਨ੍ਹਾਂ ਨੇ ਰਾਜ-ਗਰਦੀ ਦਾ ਸਾਥ ਤਿਆਗਿਆ ਅਤੇ ਨਾ ਹੀ ਬੁੱਤ-ਪ੍ਰਸਤੀ ਅਤੇ ਮੜ੍ਹਾ-ਪ੍ਰਸਤੀ ਦੀ ਬਿਦਅਤ ਤਿਆਗੀ। ਤਾਂਤੇ ਉਹਨਾਂ ਮੁਨਹਰਫ਼ ਹਿੰਦੂ ਰਾਜਿਆਂ ਨੇ ਆਪਣਾ ਕੀਤਾ ਪਾਇਆ, ਪਾਉਣਾ ਹੀ ਸੀ। ਜੋ ਪੁਰਸ਼ ਗੁਰੂ ਦਸ਼ਮੇਸ਼ ਸਾਰਖੇ ਬੇਗਰਜ਼ ਅਤੇ ਪਰਉਪਕਾਰੀ ਵਡ ਪੁਰਖਾਂ ਦਾ ਕਿਹਾ ਨਹੀਂ ਮੰਨਦੇ ਉਨ੍ਹਾਂ ਦੀ ਅਵੱਸ਼ ਇਹੋ ਹਾਲਤ ਹੋਣੀ ਸੀ, ਜੈਸੀ ਕਿ ਪਹਾੜੀ ਰਾਜਿਆਂ ਦੀ ਹੋਈ ਹੈ। ਜੈਸੇ ਕਿ ਸ੍ਰੀ ਦਸ਼ਮੇਸ਼ ਜੀ ਜ਼ੁਲਮੀ ਰਾਜ ਸਮਾਜ ਦੇ ਸੱਚੇ ਬੇਖ਼ਕੁਨ (ਉਸਰਈਏ) ਹੋਏ ਐਸਾ ਨਾ ਕੋਈ ਹੋਇਆ ਹੈ ਅਤੇ ਨਾ ਕੋਈ ਹੋਣਾ ਹੈ। ਹਾਦੀਆਂ ਸਿਰ ਹਾਦੀ (ਰਾਹ ਦਸਣ ਵਾਲਾ) ਅਤੇ ਅਵਤਾਰਾਂ ਸਿਰ ਗੁਰੂ ਅਵਤਾਰ ਦਸ਼ਮੇਸ਼ ਜੀ ਮਹਾਰਾਜ ਆਪਣੀ ਯਕਤਾਨੀਅਤ ਵਿਚ ਹੋਏ (ਭਾਵ ਆਪਣੀ ਮਿਸਾਲ ਆਪ ਹੀ ਹੋਏ)। ਗੁਰੂ ਦਸ਼ਮੇਸ਼ ਜੀ ਨੇ ਆਪਣੇ ਦਰਸਾਏ ਪੰਥ ਉੱਤੇ ਚੱਲਣਹਾਰੇ ਸਿੰਘ-ਉਪਾਸ਼ਕਾਂ ਨੂੰ ਹੀ ਕੇਵਲ ਕੰਵਲ ਇਹ ਭੇਤ ਦਰਸਾਇਆ ਹੈ ਕਿ ਹਰ ਹਾਲਤ ਵਿਚ ਰਾਸਤਗੋਈ (ਸਚਿਆਈ) ਅਤੇ ਹੱਕ-ਅਨਾਸੀ (ਸੱਚ ਦੀ ਪਛਾਣ) ਉੱਤੇ ਚੱਲਣਾ ਹੈ ਅਤੇ ਕਿਸੇ ਦਾ ਦੁਬੇਲ ਨਹੀਂ

ਬਣਨਾ, ਚਾਹੇ ਉਹ ਕਿਤਨਾ ਹੀ ਆਪਣੇ ਆਪ ਨੂੰ ਨਵੀਨ ਅਤੇ ਪ੍ਰਾਚੀਨ ਰਾਜਗਰਦੀ ਦਾ ਨੇਤਾ ਕਿਉਂ ਨਾ ਸਦਾਏ।

ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਸਾਹਿਬ ਨੇ ਆਪਣੇ ਜ਼ਫਰਨਾਮੇ ਵਿਚ (ਜੋ ਉਨ੍ਹਾਂ ਨੇ ਔਰੰਗਜ਼ੇਬ ਨੂੰ ਲਿਖ ਕੇ ਭੇਜਿਆ), ਦਰਸਾਏ ਏਸ ਹੁਕਮ ਅਨੁਸਾਰ :-

*ਮਨਮ ਕੁਸ਼ਤਾ-ਅਮ ਕੋਹੀਆਂ ਬੁਤਪ੍ਰਸਤ॥*
*ਕਿ ਆਂ ਬੁੱਤ-ਪ੍ਰਸਤੌਦੋ ਮਨ ਬੁਤ-ਸ਼ਿਕਸਤ॥੯੨)॥*
***(ਜ਼ਫਰਨਾਮਾ ਪਾਤਸ਼ਾਹੀ ੧੦)***

ਅਮਲੀ ਤੌਰ ਤੇ ਸਰਬੱਤਰ ਪਹਾੜੀ ਰਾਜਿਆਂ ਦੇ ਫ਼ਰੇਬ ਭਰੇ ਮਕਰ ਨੂੰ ਬੇਖ਼ੌਫ਼ ਅਤੇ ਬੇਪਰਵਾਹ ਹੋ ਕੇ ਤਬਾਹ ਕੀਤਾ ਤੇ ਰੰਚਕ ਮਾਤਰ ਭੀ ਕਿਸੇ ਦੀ ਕਾਨ-ਕਨੌਡ ਨਹੀਂ ਰੱਖੀ। ਪਰੰਤੂ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਕੱਲ੍ਹ ਦੇ ਨਵੀਨ ਸਿੱਖ ਨੇਤਾ (ਜੋ ਆਪਣੇ ਆਪ ਨੂੰ ਸ੍ਰੀ ਦਸਮੇਸ਼ ਜੀ ਦੇ ਨਕਸ਼ੇ ਪਾ (ਪੈਰ ਚਿੰਨ੍ਹਾਂ) ਉੱਤੇ ਚੱਲਣ ਦਾ ਦਾਅਵਾ ਕਰਦੇ ਹਨ) ਇਕ ਮਾਮੂਲੀ ਜਿਹੇ ਰਾਜ-ਸਾਜ਼ੀ ਪੰਡਤ ਕਹਾਉਣ ਵਾਲੇ ਆਗੂ ਤੋਂ ਡਰਦੇ ਮਾਰੇ ਲਰਜ਼ਸ਼ ਅਤੇ ਕਾਂਪ ਖਾ ਕੇ ਅਜਿਹਾ ਪ੍ਰਗਟ ਕਰਨੋਂ ਭੀ ਨਹੀਂ ਸੰਕੋਚਦੇ ਕਿ ਸਿੱਖ ਕੇਵਲ ਹਿੰਦੂ ਰਾਜ ਦੇ ਹਮਾਇਤੀ ਹਨ ਅਤੇ ਹਿੰਦੂ ਧਰਮ ਦੇ ਰਖਸ਼ਕ ਹਨ। ਹਾਲਾਂਕਿ ਸਿੱਖਾਂ ਦੇ ਸੱਚੇ ਹਾਦੀ ਗੁਰੂ ਦਸਮੇਸ਼ ਜੀ ਸੱਚੇ ਪਾਤਸ਼ਾਹ ਦੀ ਇਹ ਹਦਾਇਤ ਹੈ ਕਿ ਮੇਰਾ ਸੱਚਾ ਸਿੱਖ ਕੇਵਲ ਉਹ ਹੀ ਹੋਵੇਗਾ ਜੋ ਕਿਸੇ ਵੀ ਜਰਵਾਣੇ ਦੀ ਕਾਣ-ਕਨੌਡ ਨਾ ਮੰਨਦਾ ਹੋਇਆ ਸਿਰਫ਼ ਸੱਚੇ ਮਾਰਗ ਤੇ ਹੀ ਚੱਲੇਗਾ। ਸ੍ਰੀ ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਸਿੰਘ ਸਜਨ ਜ਼ੁਲਮ ਅਤੇ ਜ਼ਾਲਮ ਦੀ ਜੜ੍ਹ ਉਖਾੜ ਸੁੱਟਣ ਵਿੱਚ ਸਭ ਤੋਂ ਮੋਹਰੀ ਹੋਵੇਗਾ। ਉਸ ਨੂੰ ਕਿਸੇ ਵੀ ਪਾਖੰਡੀ ਧਰਮ ਮਿਲਤ ਦੀ ਕਾਣ-ਕਨੌਡ ਨਹੀਂ ਹੋਵੇਗੀ। ਸ੍ਰੀ ਦਸਮੇਸ਼ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਸ਼ਮੀਰੀ ਮਜ਼ਲੂਮਾਂ ਤੇ ਹੋ ਰਹੇ ਜ਼ੁਲਮ ਦੀ ਸੋਇ ਨਾ ਸਹਾਰ ਕੇ ਅਦੁੱਤੀ ਕੁਰਬਾਨੀ ਕੀਤੀ, ਨਾ ਕਿ ਹਿੰਦੂ ਧਰਮ ਦੀ ਰਖਸ਼ਾ ਮਈ ਪ੍ਰਪਾਟੀ ਚਲਾਈ। ਗੁਰੂ ਦਸਮੇਸ਼ ਪਾਤਸ਼ਾਹ ਜੀ ਨੇ ਸੱਚ ਮੁੱਚ ਇਸ ਆਪਣੇ ਫ਼ੁਰਮਾਨ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਤਿਆਰ ਬਰਤਿਆਰ ਖ਼ਾਲਸੇ ਨੂੰ ਦ੍ਰਿੜਾਇਆ ਕਿ :-

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈ ਨ ਕਰੋ ਇਨ ਕੀ ਪ੍ਰਤੀਤ॥* ***(ਸਰਬ ਲੋਹ ਗ੍ਰੰਥ)***

ਇਹ ਕੇਵਲ ਬੇਦੀਨੇ, ਆਨ (ਇੱਜ਼ਤ) ਹੀਣੇ, ਖ਼ੁਸ਼ਾਮਦੀ, ਸ਼ੁਹਰਤ-ਪ੍ਰਸਤ, ਆਪੂੰ ਬਣ ਬੈਠੇ ਸਿੱਖ ਧਰਮ ਦੇ ਆਗੂਆਂ ਦਾ ਹੀ ਵਰਤਾਰਾ ਹੈ ਕਿ ਇੱਕ ਅਨਮਤੀ ਬਿਪਰ ਦੀ ਚਾਰ-ਦਿਵਾਸੀ ਰਾਜ-ਸਾਜ-ਘੜਤਨੀ-ਬਿਔਂਤ ਤੋਂ ਡਰਦੇ ਮਾਰੇ ਆਪਣੇ ਆਪ ਨੂੰ ਹਿੰਦੂ ਧਰਮ ਦਾ ਰਖਸ਼ਕ ਗਰਦਾਨੀ ਫਿਰਦੇ ਹਨ। ਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੇ ਸੱਚੇ ਅਤੇ ਸੁੱਚੇ ਉਪਦੇਸ਼ ਉਦੇਸ਼ ਅਨੁਸਾਰ ਗੁਰਸਿਖਾਂ ਪ੍ਰਤੀ ਇਹ ਸਬਕ ਸਿਖਾਇਆ ਕਿ ਕਿਸੇ ਮਲਨ ਅਤੇ ਮਲੀਨ ਬੁੱਧੀ ਵਾਲੇ ਆਗੂ ਦੀ ਈਨ ਨਹੀਂ ਮੰਨਣੀ, ਚਾਹੇ ਉਹ ਆਪਣੇ ਆਪ ਨੂੰ ਕਿਤਨਾ ਹੀ ਵਡ-ਵਡੇਰੂ ਕਹਾਉਂਦਾ ਫਿਰੇ। ਬੇਧੜਕ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਨੇ ਨਾ ਹੀ ਤਅੱਸਬ-ਗ੍ਰਸੇ ਤੁਰਕ (ਸੰਸਾਰੀ) ਬਾਦਸ਼ਾਹਾਂ ਦੀ ਈਨ ਮੰਨੀ ਅਤੇ ਨਾ ਹੀ ਹਿੰਦੂ ਰਾਜਿਆਂ ਦਾ ਹਿੰਦੂ-ਪਨ ਮਿਲਗੋਭਾ ਸਹਾਰਿਆ। ਬਲਕਿ ਜਿਥੇ ਦਸਮੇਸ਼ ਜੀ ਨੇ ਤੁਰਕਾਂ ਨੂੰ ਤੁਰਕੀ-ਬ-ਤੁਰਕੀ ਵੰਗਾਰ ਕੇ ਮਾਰ ਪਛਾੜਿਆ, ਤਿਥੇ ਹਿੰਦੂ ਰਾਜਿਆਂ ਨੂੰ ਭੀ ਸੱਚੀ ਸੁੱਚੀ ਨਸੀਹਤ ਦੇ ਕੇ ਇਹੋ ਸਮਾਲੋਚਨਾ ਕੀਤੀ ਕਿ ਕਰਮ ਧਰਮ ਉੱਤੇ ਚੱਲਣ ਦੇ ਆਦੀ ਬਣਨ, ਨਹੀਂ ਤਾਂ ਮੂੰਹ ਦੀ ਖਾਣਗੇ। ਬਦ-ਨਸੀਬ ਹਿੰਦੂ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਦੀ ਇਹ ਨਸੀਹਤ ਮਨਜ਼ੂਰ ਨਹੀਂ ਸੀ, ਤਾਂ ਉਨ੍ਹਾਂ ਨੇ ਮੂੰਹ ਦੀ ਖਾਧੀ ਅਤੇ ਆਪਣਾ ਕੀਤਾ ਆਪ ਪਾਇਆ। ਗੁਰੂ ਦਸਮੇਸ਼ ਜੀ ਸੱਚੇ ਅਵਤਾਰ ਗੁਰੂ ਨੇ, ਸੱਚ ਮੁੱਚ ਆਪਣੇ ਏਸ ਅਗਲੇਰੇ ਉਪਦੇਸ਼ ਨੂੰ ਅਮਲੀ ਜਾਮਾ ਪਹਿਨਾਇਆ। ਯਥਾ ਗੁਰੂ ਦਸਮੇਸ਼ ਵਾਕ-

*ਕਹਿਓ ਪ੍ਰਭੁ ਸੁ ਭਾਖਿ ਹੋ॥*
*ਕਿਸੂ ਨ ਕਾਨ ਰਾਖਿ ਹੈ॥*
*ਕਿਸੂ ਨ ਭੇਖ ਭੀਜ ਹੈ॥*
*ਅਲੇਖ ਬੀਜ ਬੀਜ ਹੈ॥੩੪॥*
*ਪਖਾਣ ਪੂਜ ਹੋ ਨਹੀ॥*
*ਨ ਭੇਖ ਭੀਜ ਹੋ ਕਹੀ॥*
*ਅਨੰਤ ਨਾਮ ਗਾਇ ਹੋ॥*
*ਪਰਮ ਪੁਰਖ ਪਾਇ ਹੋ॥੩੫॥*
*(ਬਚਿਤ੍ਰ ਨਾਟਕ, ਅਧਿਆਇ ੬)*

# ਧੰਨ ਗੁਰੂ ਗੋਬਿੰਦ ਸਿੰਘ ਜੀ

*[ਸੁਰਜੀਤ ਸਿੰਘ 'ਸਾਜਨ']*

ਨਵੀਂ ਰੂਹ ਫੂਕ ਕੇ, ਮੁਰਦਿਆਂ ਚ, ਜਿੰਦ ਪਾਣ ਵਾਲਿਆ।
ਨਿਰਬਲ ਤੇ ਕਾਇਰ ਚਿੜੀਆਂ ਤੋਂ, ਬਾਜ਼ਾਂ ਨੂੰ ਤੁੜਾਣ ਵਾਲਿਆ।
ਧੰਨ ਗੁਰੂ ਗੋਬਿੰਦ ਜਿਸਦੀ ਭਾਲ ਵਿਚ, ਸਿੰਕਦਰ ਵਰਗੇ, ਪਿਆਸੇ ਹੀ ਤੁਰ ਗਏ,
ਮਿਹਰ ਕਰਕੇ, ਉਸ ਆਬਿਹਯਾਤ ਨੂੰ ਪਿਲਾਣ ਵਾਲਿਆ।
ਜਿਨ੍ਹਾਂ ਨੇ ਕਦੇ ਨੰਗੀ ਕਰਦ, ਹੱਥ ਨਹੀਂ ਫੜੀ ਸੀ,
ਉਹਨਾਂ ਦੇ ਹੱਥ ਤੇਜ ਸ਼ਮਸ਼ੀਰ ਨੂੰ, ਫੜਾਣ ਵਾਲਿਆ।
ਫਿਰ, ਬਖਸ਼ ਕੇ ਜਿਗਰੇ, ਫੌਲਾਦ ਵਰਗੇ, ਉਨ੍ਹਾਂ ਨੂੰ,
ਸਵਾ-ਸਵਾ ਲੱਖ ਨਾਲ ਇੱਕ ਨੂੰ ਲੜਾਣ ਵਾਲਿਆ।
ਸੱਚ! ਨੀਲੇ ਦੇ ਸ਼ਾਹ ਸਵਾਰਾ, ਅਨੋਖਾ ਸੀ ਤੇਜ਼ ਤੇਰਾ,
ਤਖਤ ਦੇ ਮਾਲਕਾ! ਵੇ, ਸਿਰ ਤੇ ਕਲਗੀ ਸਜਾਣ ਵਾਲਿਆ।
ਤੂੰ ਕਵੀਆਂ ਦਾ ਸਿਰਮੌਰ ਸੈਂ, ਹੈ ਇਤਿਹਾਸ ਭਰਦਾ ਸਾਖੀ,
ਯਮਨਾ ਦੇ ਕੰਢੇ ਬਹਿ ਕੇ, ਕਵੀ ਦਰਬਾਰ ਕਰਾਣ ਵਾਲਿਆ।
ਤਿਲਕ ਤੇ ਜੰਞੂ ਦੀ ਰਾਖੀ ਲਈ, ਪਿਤਾ ਕੁਰਬਾਨ ਕੀਤਾ,
ਚਾਰੇ ਲਖਤੇ ਜਿਗਰ ਆਪਣੇ, ਪੰਥ ਕੌਮ ਤੋਂ ਲੁਟਾਣ ਵਾਲਿਆ।
ਬਾਬੇ ਨਾਨਕ ਨੇ, ਜੋ ਇੱਕ ਨਿਰਮਲ ਪੰਥ ਚਲਾਇਆ ਸੀ,
ਖਾਲਸਾ ਸਾਜ ਕੇ ਉਸ ਪੰਥ ਨੂੰ ਪ੍ਰਵਾਨ ਚੜ੍ਹਾਣ ਵਾਲਿਆ।
ਕਦੇ ਮੈਂ ਤੈਨੂੰ ਸਹਿਜ ਵਿਚ, ਕਦੇ ਯੁੱਧ ਕਰਦੇ ਵੇਖਿਆ,
ਤੂੰ, ਤਪ ਬੀਰਤਾ ਦਾ ਸੁਮੇਲ, ਸੰਤ ਸਿਪਾਹੀ ਕਹਾਣ ਵਾਲਿਆ।
ਝੁੱਗਾ ਆਪਣਾ ਉਜਾੜ ਕੇ, ਤੂੰ ਕਦੇ ਵੀ ਨਾ ਡੋਲਿਆ,
ਉਸ ਰੱਬ ਦੀ ਰਜ਼ਾ ਵਿਚ ਰਹਿ ਕੇ, ਸ਼ੁਕਰ ਅਲਾਣ ਵਾਲਿਆ।
ਤੇਰੀ ਕਲਗੀ ਦੀਆਂ ਅਣੀਆਂ, ਅੱਜ ਵੀ ਦੁਨੀਆਂ ਤੇ ਰੌਸ਼ਨ,
ਸੱਚ ਹੱਕ ਦੇ ਰਾਖਿਆ, ਮਜ਼ਲੂਮਾਂ ਲਈ, ਨਾਹਰਾ ਲਗਾਣ ਵਾਲਿਆ।
ਤੇਰਾ 'ਸਾਜਨ' ਤੇਰੇ ਸਿਜਦੇ 'ਚ ਹੈ, ਰਹਿਮਤ ਕਰ ਬੰਦੇ ਤੇ,
ਤੂੰ ਧੰਨ ਹੈਂ, ਇਨ੍ਹਾਂ ਕਲਮਾਂ ਤੋਂ, ਸਿਫ਼ਤਾਂ ਲਿਖਾਣ ਵਾਲਿਆ।

# ਨਾਮ ਬਾਣੀ ਦੇ ਅਭਿਆਸੀਆਂ ਦਾ ਬਣਾਇਆ ਤੇ ਵਰਤਾਇਆ ਲੰਗਰ

*(ਬੀਬੀ ਸੁਸ਼ੀਲ ਕੌਰ ਜੀ)*

ਘਰ ਵਿਚ ਬਣਾਏ ਹਲਵੇ ਅਤੇ ਕੜਾਹ ਪ੍ਰਸ਼ਾਦ ਵਿਚਲਾ ਫਰਕ ਸਧਾਰਣ ਵਿਕਅਤੀ ਵੀ ਅੱਛੀ ਤਰ੍ਹਾਂ ਅਨੁਭਵ ਕਰਦਾ ਹੈ। ਤਿਆਰ-ਬਰ-ਤਿਆਰ ਸਿੰਘ ਜਾਂ ਸਿੰਘਣੀ ਜਦੋਂ ਨਾਮ ਬਾਣੀ ਦੇ ਰੰਗ ਵਿੱਚ ਡੁੱਬ ਕੇ ਕੜਾਹ ਪ੍ਰਸ਼ਾਦ ਤਿਆਰ ਕਰਕੇ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਭੇਟ ਕਰਦਾ ਹੈ ਤਾਂ ਭਗਤੀ ਰਸ ਦਾ ਅਸਰ ਹਲਵੇ ਨੂੰ ਕੜਾਹ ਪ੍ਰਸ਼ਾਦ ਦਾ ਰੂਪ ਦੇ ਦਿੰਦਾ ਹੈ। ਇਸੇ ਤਰ੍ਹਾਂ ਹੀ ਪਾਣੀ ਵਿੱਚ ਪਤਾਸੇ ਘੋਲਣ ਸਮੇਂ ਉੱਚੀਆਂ ਅਵਸਥਾਵਾਂ ਨੂੰ ਪਹੁੰਚੇ ਹੋਏ ਪੰਜ ਪਿਆਰੇ ਪੰਜਾਂ ਬਾਣੀਆਂ ਦਾ ਪਾਠ ਉਚਾਰਣ ਕਰਦੇ ਹੋਏ ਖੰਡੇ ਬਾਟੇ ਦੀ ਵਰਤੋਂ ਨਾਲ ਅੰਮ੍ਰਿਤ ਤਿਆਰ ਕਰਦੇ ਹਨ ਤਾਂ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਦੀਆਂ ਮੁਰਦਾ ਰੂਹਾਂ ਵਿੱਚ ਜਾਨ ਪੈ ਜਾਂਦੀ ਹੈ। ਜਨਮਾਂ ਜਨਮਾਂ ਦੇ ਅੰਕੁਰ ਫੁੱਟਦੇ ਹਨ। ਗੁਰੂ ਵਾਲੇ ਬਣ ਲੋਟ ਪੋਟ ਹੋਇ ਜਾਂਦੇ ਜਿਉੜੇ ਖੀਵੇ ਹੋ ਹੋ ਜਾਂਦੇ ਹਨ। ਚਿਹਰਿਆ ਉੱਤੇ ਲਾਲੀਆਂ ਭਖਣ ਲੱਗ ਪੈਂਦੀਆਂ ਹਨ, ਗੁਰੂ ਲੜ ਲੱਗਣ ਪਿੱਛੋ ਸਤਿਗੁਰੂ ਆਪਣੀ ਮੱਤ ਆਪਣਾ ਰੂਪ ਅਤੇ ਆਪਣੇ ਜਿਹੇ ਗੁਣ ਦੇ ਕੇ ਸ਼ਿੰਗਾਰਦਾ ਹੈ। ਧੁਰ ਅੰਦਰੋਂ ਭਗਤੀ, ਸੁੰਦਰਤਾ ਅਤੇ ਸ਼ਕਤੀਆਂ ਦੇ ਸੋਮੇ ਫੁੱਟ ਪੈਂਦੇ ਹਨ। ਇਸੇ ਤਰ੍ਹਾਂ ਲੰਗਰ ਦਾ ਵੀ ਸਰੀਰ ਅਤੇ ਬੁੱਧੀ ਉੱਤੇ ਬਹੁਤ ਅਸਰ ਹੁੰਦਾ ਹੈ। ਸੇਵਾ ਭਾਵਨਾ ਦੀਆਂ ਡੋਰਾਂ ਨਾਲ ਬੱਝੇ ਹੋਏ, ਨਾਮ ਬਾਣੀ ਦੇ ਰਸੀਏ, ਭਗਤੀ ਭੰਡਾਰਾਂ ਨਾਲ ਮਾਲੋ-ਮਾਲ ਹੋਏ ਤਿਆਰ-ਬਰ-ਤਿਆਰ ਸਿੰਘ ਸਿੰਘਣੀਆਂ ਜਦੋਂ ਲੰਗਰ ਦੀ ਸੇਵਾ ਕਰਦੇ ਹਨ ਤਾਂ ਉਨ੍ਹਾਂ ਦੀ ਸੁਰਤੀ ਸਤਿਗੁਰਾਂ ਦੇ ਚਰਨ-ਕਵਲਾਂ ਨਾਲ ਚੰਬੜੀ ਹੋਈ ਹੁੰਦੀ ਹੈ। ਮੂੰਹੋਂ ਨਾਮ ਬਾਣੀ ਦਾ ਪ੍ਰਵਾਹ ਚੱਲਦਾ ਹੈ। ਲੰਗਰ ਤਿਆਰ ਕਰਨ ਸਮੇਂ, ਸਜਾਉਣ ਸਮੇਂ ਅਤੇ ਵਰਤਾਉਣ ਸਮੇਂ ਪ੍ਰੇਮ-ਮਸਤੀ ਵਿੱਚ ਝੂਮਦਿਆਂ ਲਿਫ਼ ਲਿਫ਼ ਜਾਂਦੀਆਂ ਅੱਖੀਆਂ ਵਿਚੋਂ ਵਰ੍ਹਦੀ ਇਲਾਹੀ ਕਿਰਨਾਂ ਦੀ ਬੁਛਾੜ ਨਾਲ ਲੰਗਰ ਸੁੱਚਾ ਹੋ ਜਾਂਦਾ ਹੈ, ਮਿੱਠਾ ਹੋ ਜਾਂਦਾ ਹੈ।

ਨਾਮ ਬਾਣੀ ਦੇ ਸੁਰਾਂ ਨਾਲ ਸਿੰਜਿਆ ਹੋਇਆ ਪ੍ਰਸ਼ਾਦਾ ਰਸੀਲਾ ਹੋ ਜਾਂਦਾ ਹੈ। ਸਗੋਂ ਸ਼ਾਮ ਤ੍ਰਾਸ ਨਾਮ ਜਪਦੇ ਹੋਏ ਗੁਰੂ ਚਰਨਾਂ ਤੋਂ ਵਾਰੀ ਬਲਿਹਾਰੀ ਜਾਣ ਵਾਲੇ ਜਦੋਂ ਪ੍ਰਸ਼ਾਦੇ ਦੀਆਂ ਬੁਰਕੀਆਂ ਚਬਾਉਂਦਿਆਂ ਅਤੇ ਗਲਿਓਂ ਅੰਦਰ ਲੰਘਾਉਂਦਿਆਂ ਅੰਤਰ ਆਤਮੇ 'ਵਾਹਿਗੁਰੂ, ਵਾਹਿਗੁਰੂ' ਉਚਾਰਦੇ ਹਨ ਤਾਂ ਨਾਮ-ਰਸ ਦੀਆਂ ਧਾਰਾਂ ਵਗਦੀਆਂ ਹਨ। ਲਹੂ ਵਿੱਚ ਨਾਮ-ਰਸ ਘੁਲ ਜਾਂਦਾ ਹੈ। ਨਾਮ-ਬਾਣੀ ਦੀ ਲੋਅ ਵਿੱਚ ਰੰਗਿਆਂ ਹੱਥੋਂ ਪ੍ਰਸ਼ਾਦਾ ਛੱਕਣ ਵਾਲੇ ਜੀਊੜਿਆਂ ਵਿਚੋਂ ਵੀ ਨਾਮ ਦੀ ਲੋਅ ਦੀਆਂ ਕੰਨਸੋਆਂ ਆਉਣ ਲੱਗ ਪੈਂਦੀਆਂ ਹਨ। ਲੰਗਰ ਉਸੇ ਨੂੰ ਹੀ ਕਿਹਾ ਜਾਂਦਾ ਹੈ ਜਿੱਥੇ ਗੁਰੂ-ਪ੍ਰੇਮ ਵਿੱਚ ਭਿੱਜੀਆਂ ਰੂਹਾਂ ਵਾਲੇ ਸੰਗਤ ਨੂੰ ਗੁਰੂ ਪ੍ਰੇਮ ਨਾਲ ਸਿੰਜਣ ਦੀ ਭਾਵਨਾ ਨਾਲ ਸੇਵਾ ਕਰਨ। ਸਭ ਨੂੰ ਛਕਾ ਕੇ ਪਿਛੋਂ ਆਪ ਛਕਣ ਦੀ ਇੱਛਾ ਰੱਖਦੇ ਹੋਣ। ਲੰਗਰ ਦੀ ਸੇਵਾ ਕਰਨ ਵਾਲੇ ਤਨਖਾਹਾਂ ਪਾਉਣ ਵਾਲੇ ਨਹੀਂ ਹੋਣੇ ਚਾਹੀਦੇ ਕੇਵਲ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਲੇ ਅਤੇ ਸੰਗਤਾਂ ਤੋਂ ਵਾਰੀ ਬਲਿਹਾਰੀ ਜਾਣ ਵਾਲੇ ਹੀ ਹੋਣੇ ਚਾਹੀਦੇ ਹਨ। ਸੇਵਾਦਾਰਾਂ ਦੀਆਂ ਸਖਸ਼ੀਅਤਾਂ ਦੇਖ ਕੇ ਸੰਗਤ ਨੂੰ ਆਪਣੇ ਸਤਿਗੁਰਾਂ ਦੀ ਯਾਦ ਆਉਣੀ ਚਾਹੀਦੀ ਹੈ ਅਤੇ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਗੁਰੂ ਦੇ ਘਰ ਵਿੱਚ ਸਤਿਗੁਰੂ ਆਪ ਸੰਗਤ ਦੀ ਪ੍ਰਾਹੁਣਚਾਰੀ ਕਰ ਰਿਹਾ ਹੈ- ਉਨ੍ਹਾਂ ਦੀ ਆਓ ਭਗਤ ਕਰ ਰਿਹਾ ਹੈ। ਇਹੋ ਜਿਹਾ ਮਾਹੌਲ ਸੱਚੇ ਸੁੱਚੇ ਸੇਵਾਦਾਰਾਂ ਨਾਲ ਅਤੇ ਸੰਗਤ ਦੇ ਪ੍ਰੇਮ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਇਹੋ ਜਿਹੇ ਮਾਹੌਲ ਵਿਚੋਂ ਹੀ ਗੁਰੂ-ਦਰਸ਼ਨਾਂ ਦੇ ਰੰਗ ਛਲਕਦੇ ਹਨ।

**(ਬਾਕੀ ਪੰਨਾ 13 'ਤੇ)**

# ਬਿਬੇਕੀ ਸਿੰਘ ਸਿੰਘਣੀ ਦੇ ਗੁਣ

੧. ਪੰਜ ਪਿਆਰਿਆਂ ਤੋਂ ਨਾਮ ਦ੍ਰਿੜ੍ਹ ਕਰਾਉਣ ਤੋਂ ਪਿਛੋਂ ਉਹ ਅੰਮ੍ਰਿਤ ਵੇਲੇ ਦੋ ਵਜੇ ਉਠਦਾ ਹੋਵੇ। ਪੂਰਾ ਇਸ਼ਨਾਨ ਕਰਨ ਪਿਛੋਂ ਪੰਜ ਵਜੇ ਤਕ ਨਾਮ ਜਪੇ। ਫਿਰ ਘਟੋ ਘਟ ਨਿਤਨੇਮ ਕਰਕੇ ਗੁਰਦੁਆਰੇ ਨਮਸਕਾਰ ਕਰਕੇ ਸੰਸਾਰਕ ਕਾਰ-ਵਿਹਾਰ ਕਰੇ। ਸਾਰੀ ਦਿਹਾੜੀ ਕਾਰ ਵਿਹਾਰ ਕਰਦਾ ਹੋਇਆ ਵੀ ਗੁਰਮਤਿ ਨਾਮ ਨੂੰ ਹਿਰਦੇ ਵਿਚ ਵਸਾਈ ਰੱਖੇ। ਇਸੇ ਤਰ੍ਹਾਂ ਹੀ ਸ਼ਾਮ ਦਾ ਨਿਤਨੇਮ ਤੇ ਅਰਦਾਸ ਕਰੇ। ਸੱਚੀ ਬਿਬੇਕਤਾ ਨਾਮ ਜਪਣ ਵਿਚ ਹੀ ਹੈ।

੨. ਨਾਮ ਦੀ ਬਿਬੇਕਤਾ ਦੇ ਨਾਲ ਅੰਦਰਲੀਆਂ ਤੇ ਬਾਹਰਲੀਆਂ ਰਹਿਤਾਂ ਰੱਖਣ ਵਿਚ ਦ੍ਰਿੜਤਾ ਧਾਰਨ ਕਰੇ, ਭਾਵੇਂ ਦੁਨੀਆਂ ਕੁਝ ਵੀ ਕਹੇ।

੩. ਨਾਮ ਦੀ ਤੇ ਅੰਦਰਲੀ-ਬਾਹਰਲੀ ਰਹਿਤ ਦਾ ਸਦਕਾ ਸਰੀਰ ਦੇ ਹਰ ਅੰਗ ਦੀ ਹਰਕਤ ਵਿਚ ਬਿਬੇਕਤਾ ਦਾ ਆਉਣਾ ਜ਼ਰੂਰੀ ਹੈ, ਜਿਵੇਂ - ਹਰ ਪਰਾਈ ਇਸਤਰੀ ਨੂੰ ਮਾਤਾ-ਭੈਣ-ਧੀ ਸਮਝ ਕੇ ਸਤਿਕਾਰਨਾ ਤੇ ਦੇਖ ਸਕਣਾ ਜਾਂ ਹਰ ਪਰਾਏ ਪੁਰਸ਼ ਨੂੰ ਪਿਤਾ, ਭਰਾ, ਪੁਤਰ ਦੀ ਦ੍ਰਿਸ਼ਟੀ ਨਾਲ ਦੇਖ ਸਕਣਾ।

੪. ਜ਼ੁਬਾਨ ਦੇ ਰਸਾਂ ਕਸਾਂ ਤੋਂ ਬੱਚ ਸਕਣਾ ਤੇ ਖਾਣ ਪੀਣ ਦੀ ਸਾਂਝ ਕੇਵਲ ਗੁਰਸਿੱਖਾਂ ਨਾਲ ਰਖਣੀ, ਕੰਨ-ਰਸ ਤੋਂ ਅਤੇ ਨਿੰਦਾ ਚੁਗਲੀ ਤੋਂ ਵੀ ਦੂਰ ਰਹਿਣਾ।

੫. ਖ਼ੂਨ ਦੀ ਸਾਂਝ (ਰਿਸ਼ਤੇ ਨਾਤੇ) ਕੇਵਲ ਗੁਰਸਿੱਖਾਂ ਨਾਲ ਰੱਖਣੀ।

੬. ਲਿਬਾਸ ਅਜਿਹਾ ਪਾਉਣਾ ਕਿ ਗੁਰਸਿੱਖੀ ਦੀ ਖੁਸ਼ਬੂ ਆਵੇ।

੭. ਸਚਾਈ ਲਈ ਜਾਂ ਗੁਰਮਤਿ ਅਸੂਲ ਲਈ ਡੱਟ ਸਕਣਾ।

੮. ਝੂਠੇ ਦਿਖਾਵੇ ਦੇ ਪਖੰਡ ਤੋਂ ਬਚਣ ਦੀ ਦਲੇਰੀ ਕਰ ਸਕਣੀ।

੯. ਆਪ ਸ਼ੁੱਭ ਕਰਮ ਕਰਨੇ ਤੇ ਹੋਰਨਾਂ ਨੂੰ ਸ਼ੁਭ ਕਰਮ ਕਰਨ ਲਈ ਪ੍ਰੇਰਨਾ।

੧੦. ਜੀਵਨ ਦੇ ਹਰ ਕਰਮ ਖਾਣ, ਪੀਣ, ਤੁਰਨ ਫਿਰਨ, ਹੱਸਣ ਖੇਡਣ, ਦੇਖਣ, ਸੁੰਘਣ, ਭੋਗਣ ਵਿਚ ਸੰਜਮਧਾਰੀ ਬਣਨਾ।

੧੧. ਸਭ ਤੋਂ ਵੱਡੀ ਗਲ ਇਹ ਹੈ ਕਿ ਗੁਰੂ ਦਾ ਹੁਕਮੀ ਬੰਦਾ ਬਣ ਕੇ, ਭਾਣੇ ਵਿਚ ਚਲਦੇ ਹੋਇਆਂ, ਹਉਮੈ ਰਹਿਤ ਜੀਵਨ ਜੀਊਣਾ।

---

*(ਪੰਨਾ 12 ਦੀ ਬਾਕੀ)*

ਪਰ ਜਿੱਥੇ ਇੱਧਰ ਓਧਰ ਦੀਆਂ ਗੱਲਾਂ ਕਰ ਕੇ ਨਾਮ ਬਾਣੀ ਤੋਂ ਸੱਖਣੇ ਰਹਿ ਕੇ ਲੰਗਰ ਤਿਆਰ ਕੀਤਾ ਜਾਂਦਾ ਹੈ ਉਸ ਨੂੰ ਲੰਗਰ ਨਹੀਂ ਸਿਰਫ਼ ਢਿੱਡ ਭਰਨ ਲਈ ਭੋਜਨ ਹੀ ਕਿਹਾ ਜਾਣਾ ਚਾਹੀਦਾ ਹੈ। ਲੰਗਰ ਦੀ ਸੇਵਾ ਕਰਦਿਆਂ ਬੁਰੇ ਵਿਚਾਰਾਂ-ਵਿਕਾਰਾਂ ਅਤੇ ਕਲਹ-ਕਲੇਸ਼ ਦੀਆਂ ਗੱਲਾਂ ਨਾਲ ਲੰਗਰ ਜੂਠਾ ਹੋ ਜਾਂਦਾ ਹੈ। ਇਸ ਜੂਠ ਦਾ ਪ੍ਰਹੇਜ਼ ਕਰਨਾ ਬਹੁਤ ਜ਼ਰੂਰੀ ਹੈ।

ਨਾਮ ਬਾਣੀ ਦੇ ਅਭਿਆਸੀਆਂ ਹੱਥੋਂ ਬਣਾਇਆ ਤੇ ਵਰਤਾਇਆ ਲੰਗਰ ਸਾਨੂੰ ਫਿਕਰਾਂ ਚਿੰਤਾਵਾਂ ਅਤੇ ਵਿਕਾਰਾਂ ਤੋਂ ਦੂਰ ਲਿਜਾ ਕੇ ਨਾਮ ਬਾਣੀ ਨਾਲ ਜੋੜਦਾ ਹੋਇਆ ਅਨੇਕਾਂ ਮਾਨਸਿਕ ਬੀਮਾਰੀਆਂ ਤੋਂ ਮੁਕਤ ਕਰਵਾ ਕੇ ਰੂਹਾਨੀ ਅਵਸਥਾ ਨੂੰ ਉੱਪਰ ਚੁੱਕਦਾ ਹੈ। ਇਥੇ ਹੀ ਬੱਸ ਨਹੀਂ ਸਰੀਰਕ ਬੀਮਾਰੀਆਂ ਦਾ ਨਾਸ ਕਰਕੇ ਤੰਦਰੁਸਤੀ ਦੀ ਦਾਤ ਦੀ ਵੀ ਪ੍ਰਾਪਤੀ ਹੁੰਦੀ ਹੈ।

# ਚਮਤਕਾਰੀ ਸ਼ਖਸੀਅਤ ਗੁਰੂ ਗੋਬਿੰਦ ਸਿੰਘ ਜੀ

*(ਭਾਈ ਜੇ. ਪੀ. ਸੰਗਤ ਸਿੰਘ ਜੀ)*

ਸੀਤਲ, ਸਾਊ, ਸੁਸ਼ੀਲ, ਸਿਆਣਾ, ਸੁਘੜ, ਸੁਜਾਨ ਗੁਰੂ ਗੋਬਿੰਦ ਸਿੰਘ।
ਸੁੰਦਰ, ਸੁਹਣਾ, ਸ਼ਕੀਲ, ਸੁਣੱਖਾ, ਸ਼ਾਹ, ਸ਼੍ਰੀਮਾਨ ਗੁਰੂ ਗੋਬਿੰਦ ਸਿੰਘ।੧।
ਸੰਤ, ਸਾਧ, ਸਿਧ, ਯੁਤ, ਸ੍ਰੀਧਰ, ਸਤਿਗੁਰ ਤੇ ਸਰਦਾਰ ਗੋਬਿੰਦ ਸਿੰਘ।
ਸਖਾ, ਸਜਣ, ਸਾਥੀ ਤੇ ਸਹਾਇਕ, ਸਚਾ, ਸਤਿ ਕਰਤਾਰ ਗੋਬਿੰਦ ਸਿੰਘ।੨।
ਸਾਬਰ, ਸੰਤੋਖੀ, ਸੰਤੁਸ਼ਟ ਤੇ ਸਹਿਜ ਸੁਭਾਉ ਗੁਰੂ ਗੋਬਿੰਦ ਸਿੰਘ।
ਸਿੰਘ, ਸੁਡੌਲ, ਸੁਬੱਲ, ਸੂਰਮਾ, ਸ਼ਾਂਤ ਸੁਭਾਉ ਗੁਰੂ ਗੋਬਿੰਦ ਸਿੰਘ।੩।
ਸੱਚਾ, ਸੁੱਚਾ, ਸਤਿਬੀਰ, ਸੰਜੀਦਾ, ਸਤਿ ਸਰੂਪ ਗੁਰੂ ਗੋਬਿੰਦ ਸਿੰਘ।
ਸਾਈਂ, ਸੈਨਿਕ, ਸਹਿਨਸ਼ਾਹ ਸੁਖ਼ਨਵਰ, ਸਾਂਤ ਸਰੂਪ ਗੁਰੂ ਗੋਬਿੰਦ ਸਿੰਘ।੪।
ਸਰਬ-ਸ੍ਰੇਸ਼ਟ, ਸਰਬ-ਸ਼੍ਰੋਮਣਿ, ਸਾਹਿਤਕਾਰ ਗੁਰੂ ਗੋਬਿੰਦ ਸਿੰਘ।
ਸਮ-ਦਰਸੀ, ਸਰਬਤ੍ਰ ਸੁ ਸਾਂਝਾ, ਸਿਰਜਣਹਾਰ ਗੁਰੂ ਗੋਬਿੰਦ ਸਿੰਘ।੫।
ਸੇਵਕ, ਸੁਆਮੀ, ਸਿਖ, ਸਤਿਗੁਰ, ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ।
ਸਿਖਸ਼ਕ, ਸਾਧਕ, ਸੰਕਟ-ਹਰਨ ਤੇ, ਸਰਬ-ਸਹਾਈ ਗੁਰੂ ਗੋਬਿੰਦ ਸਿੰਘ।੬।
ਸਿਮਰਨ-ਜੋਗ, ਸਲਾਹਣ-ਜੋਗ, ਸ਼ਲਾਘਾ-ਯੋਗ ਗੁਰੂ ਗੋਬਿੰਦ ਸਿੰਘ।
ਸਰਬ-ਜੀਤ, ਸੁਰਜੀਤ, ਸੁਖਦਾਤਾ, ਸਰਣਾ-ਜੋਗ ਗੁਰੂ ਗੋਬਿੰਦ ਸਿੰਘ।੭।
ਸਾਹਸੀ, ਸ਼ੇਰ, ਸ਼ਕੀਲ, ਸ਼ੂਰਮਾ, ਸ਼ਾਹ-ਸਵਾਰ ਗੁਰੂ ਗੋਬਿੰਦ ਸਿੰਘ।
ਸਤਿ ਸੰਗੀ, ਸੂਝਵਾਨ, ਸਹਾਇਕ, ਸਨੇਹੀ ਤੇ ਸਚਿਆਰ ਗੁਰੂ ਗੋਬਿੰਦ ਸਿੰਘ।੮।
ਸੰਜੋਗੀ, ਸਿਦਕੀ, ਸਚਖੰਡੀ, ਸਰਬ-ਸਪੰਨ ਗੁਰੂ ਗੋਬਿੰਦ ਸਿੰਘ।
ਸੈਨਾਪਤੀ, ਸੰਜਮੀ, ਸੰਪੂਰਨ, ਸ਼ਤਰੂਘਨ ਗੁਰੂ ਗੋਬਿੰਦ ਸਿੰਘ।੯।
ਸੰਨਿਆਸੀ, ਸਤਿਚਿਤ, ਸੁਖਦਾਈ, ਸੁਭਾਇਮਾਨ ਸਿਕਕਾਰ ਗੁਰੂ ਗੋਬਿੰਦ ਸਿੰਘ।
ਸ਼ਕਲਵੰਦ, ਸਦ ਗੁਣੀ, ਸ਼ੁਭਗੁਣੀ, ਸਤਰਵਾਨ ਸਮਝਦਾਰ ਗੋਬਿੰਦ ਸਿੰਘ।੧੦।
ਸੁਰਗੁਣੀ, ਸ਼ਰਧਾਲੂ, ਸੰਜੁਗਤੀ, ਸਾਹਿਬ, ਸੈਨਾਪਤੀ ਗੋਬਿੰਦ ਸਿੰਘ।
ਸੂਖਮ, ਸ਼ਿਵ ਸ਼ੰਕੁਰ, ਸ਼ੁਭ ਗਮਨੀ, ਸੂਝਵਾਨ, ਸਭਾਪਤੀ ਗੋਬਿੰਦ ਸਿੰਘ।੧੧।
ਸਖੀ, ਸੁਲੱਖਣਾ, ਸ਼ਹਿਰੀ, ਸ਼ਾਸਤ੍ਰੀ, ਸੰਪੂਰਣ, ਸਤਿਰੂਪ ਗੋਬਿੰਦ ਸਿੰਘ।
ਸਥਿਰ, ਸਜੀਲਾ, ਸ਼ੁੱਧ, ਸਤਿਕਾਰੀ, ਸਾਧੂ, ਸੰਤ ਸਰੂਪ ਗੋਬਿੰਦ ਸਿੰਘ।੧੨।
ਸੁਥਰਾ, ਸਾਦਾ, ਸਾਫ, ਸੁਹੰਦਾ, ਸ਼ਾਂਤ ਤੇ ਸ਼ਕਤੀਵਾਨ ਗੋਬਿੰਦ ਸਿੰਘ।
ਸਤਿਪੁਰਖ, ਸਿਦਕੀ, ਸੰਤੋਖੀ, ਸਪੁੱਤਰ, ਸੁ-ਕੁਸ਼ਲ ਸੰਤਾਨ ਗੋਬਿੰਦ ਸਿੰਘ।੧੩।
ਸਰਬ ਸਮ੍ਰਥ, ਸੁੱਅਛ ਸੁਤੰਤਰ, ਸ਼ਖਸੀਅਤ, ਸ਼ਾਨਦਾਰ ਗੋਬਿੰਦ ਸਿੰਘ।
ਸਾਹਿਬ, ਸੁਧਾਰਕ, ਸਾਧਕ, ਸਨਾਤਨ, ਸੰਭਾਵਾਨ, ਸਰਸ਼ਾਰ ਗੋਬਿੰਦ ਸਿੰਘ।੧੪।

# ਜਦ ਗੁਰੂ ਗੋਬਿੰਦ ਸਿੰਘ ਜੀ ਦਿੱਲੀ ਆਏ

*[ਗਿਆਨੀ ਭਜਨ ਸਿੰਘ ਜੀ]*

ਸਿੱਖਾਂ ਨੂੰ ਸਿੰਘ ਬਣਾਉਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਆਪਣੀ ਸੰਸਾਰ-ਯਾਤਰਾ ਦੌਰਾਨ ਫ਼ਰਵਰੀ ੧੭੦੭ ਈ; ਨੂੰ ਭਾਰਤ ਦੀ ਵਰਤਮਾਨ ਰਾਜਧਾਨੀ ਦਿੱਲੀ ਆਏ ਤੇ ਪੰਜ ਮਹੀਨੇ ਇਥੇ ਰਹਿ ਕੇ ਨਵੇਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨਾਲ ਮਿੱਤਰਤਾ ਭਰੇ ਮਾਹੌਲ ਵਿਚ ਦੇਸ਼ ਦੀ ਰਾਜਨੀਤਕ ਤੇ ਸਮਾਜਕ ਦਸ਼ਾ ਬਾਰੇ ਗੱਲਬਾਤ ਕਰਦਿਆਂ ਬਾਦਸ਼ਾਹ ਦੇ ਨਾਲ ਹੀ ਦੱਖਣ ਵੱਲ ਚਲੇ ਗਏ। ਉਥੇ ਹੀ ਅਗਲੇ ਸਾਲ ੧੭੦੮ ਨੂੰ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਕੇ ਤੇ ਸਿੱਖਾਂ ਨੂੰ ਸ਼ਬਦ-ਗੁਰੂ ਦੇ ਲੜ ਲਾ ਕੇ ਸੰਸਾਰ-ਯਾਤਰਾ ਸੰਪੂਰਨ ਕਰ ਗਏ। ਦਿੱਲੀ ਵਿਚ ਭਾਵੇਂ ਉਹ ਇਕ ਵਾਰ ਹੀ ਆਏ, ਪਰ ਇਥੋਂ ਉਹ ਬਹੁਤ ਹੀ ਮਹੱਤਵਪੂਰਨ ਕਾਰਜ ਕਰ ਕੇ ਗਏ। ਉਨ੍ਹਾਂ ਦੀ ਦਿੱਲੀ-ਫੇਰੀ ਨਾਲ ਸੰਬੰਧਿਤ ਦੋ ਇਤਿਹਾਸਕ ਗੁਰਦੁਆਰੇ ਅਮਰ ਯਾਦਗਾਰਾਂ ਹਨ। ਇਹ ਹਨ ਗੁਰਦੁਆਰਾ ਮੋਤੀ ਬਾਗ ਤੇ ਗੁਰਦੁਆਰਾ ਦਮਦਮਾ ਸਾਹਿਬ (ਹਜ਼ਰਤ ਨਜ਼ਾਮੁਦੀਨ ਰੇਲਵੇ ਸਟੇਸ਼ਨ ਦੇ ਬਿਲਕੁਲ ਨਾਲ)।

ਗੁਰੂ ਗੋਬਿੰਦ ਸਿੰਘ ਜੀ ਜਨਵਰੀ ੧੭੦੫ ਨੂੰ ਖਿਦਰਾਣੇ ਦੀ ਢਾਬ 'ਤੇ, ਜਿਸ ਨੂੰ ਹੁਣ ਮੁਕਤਸਰ ਕਹਿੰਦੇ ਹਨ, ਆਪਣੇ ਜੀਵਨ-ਕਾਲ ਦੀ ਆਖ਼ਰੀ ਜੰਗ ਸਮੇਂ ਦੀ ਹਕੂਮਤ ਵਿਰੁਧ ਜਿੱਤ ਕੇ ਸਾਬੋਕੀ ਤਲਵੰਡੀ (ਦਮਦਮਾ ਸਾਹਿਬ) ਆ ਕੇ ਟਿਕੇ ਤੇ ਇਥੇ ਬਹੁਤ ਸਾਰੀ ਸਾਹਿਤਕ ਰਚਨਾ ਤੇ ਆਦਿ ਗ੍ਰੰਥ ਦੀ ਦੁਬਾਰਾ ਲਿਖਾਈ ਕਰਵਾ ਕੇ ਇਸ ਥਾਂ ਨੂੰ ਗੁਰੂ ਕੀ ਕਾਸ਼ੀ ਅਥਵਾ ਗੁਰਮਤਿ ਵਿਸ਼ਵ ਵਿਦਿਆਲਾ ਬਣਾ ਦਿੱਤਾ। ਫੇਰ ਮੁਗਲ ਬਾਦਸ਼ਾਹ ਔਰੰਗਜ਼ੇਬ ਵੱਲ ਇਤਿਹਾਸਕ ਖ਼ਤ ਲਿਖਿਆ, ਜੋ ਫ਼ਾਰਸੀ ਵਿਚ ਸੀ ਤੇ ਜਿਸ ਨੂੰ ਜ਼ਫ਼ਰਨਾਮਾ ਆਖਦੇ ਹਨ। ਇਹ ਖ਼ਤ ਪੰਜ ਪਿਆਰਿਆਂ 'ਚੋਂ ਭਾਈ ਦਇਆ ਸਿੰਘ ਜੀ ਨੂੰ ਦੇ ਕੇ ਔਰੰਗਜ਼ੇਬ ਵੱਲ ਭੇਜਿਆ, ਜੋ ਉਸ ਸਮੇਂ ਅਹਿਮਦ ਨਗਰ ਵਿਚ ਸੀ। ਨਾਲ ਹੀ ਆਦੇਸ਼ ਦਿੱਤਾ ਕਿ ਛੇਤੀ ਉਤਰ ਲੈ ਕੇ ਆਉਣਾ। ਔਰੰਗਜ਼ੇਬ ਵਲੋਂ ਕੋਈ ਚਿੱਠੀ ਜਾਂ ਸੁਨੇਹਾ ਆਇਆ ਕਿ ਨਹੀਂ, ਲਿਖਤੀ ਇਤਿਹਾਸ ਵਿਚੋਂ ਇਸ ਬਾਰੇ ਕੁਝ ਸਪੱਸ਼ਟ ਪਤਾ ਨਹੀਂ ਲਗਦਾ। ਇਤਨਾ ਹੀ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਨੂੰ ਮਿਲਣ ਲਈ ਦੱਖਣ ਵਲ ਜਾਣ ਦੀ ਤਿਆਰੀ ਕਰ ਲਈ ਤੇ ੧੭੦੬ ਦੇ ਅਖ਼ੀਰ ਵਿਚ ਦਮਦਮਾ ਸਾਹਿਬ (ਬਠਿੰਡਾ) ਤੋਂ ਚਲ ਪਏ।

ਉਹ ਦੱਖਣ ਨੂੰ ਜਾ ਰਹੇ ਅਜੇ ਰਾਜਪੂਤਾਨੇ ਵਿਚੋਂ ਲੰਘ ਰਹੇ ਸਨ ਕਿ ਉਥੇ ਆਪ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ (ਫ਼ਰਵਰੀ ੧੭੦੭ ਨੂੰ) ਮਿਲ ਗਈ। ਇਥੋਂ ਆਪ ਸਿੱਧੇ ਸ਼ਾਹਜਹਾਨਾਬਾਦ (ਦਿੱਲੀ) ਵੱਲ ਮੁੜ ਆਏ। ਆਪ ਨੂੰ ਖ਼ਬਰ ਮਿਲ ਗਈ ਸੀ ਕਿ ਔਰੰਗਜ਼ੇਬ ਦੇ ਪੁੱਤਰਾਂ ਵਿਚ ਤਖ਼ਤ ਲਈ ਜੰਗ ਛਿੜ ਪਈ ਹੈ ਤੇ ਇਸ ਸਮੇਂ ਮੁਅੱਜ਼ਮ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਮਦਦ ਵੀ ਮੰਗੀ। ਉਹ ਗੁਰੂ ਜੀ ਦਾ ਸ਼ਰਧਾਲੂ ਸੀ, ਕਿਉਂਕਿ ਉਹਦਾ ਵਿਦਿਅਕ ਗੁਰੂ ਭਾਈ ਨੰਦ ਲਾਲ ਸਿੰਘ ਸੀ। ਇਸ ਸੱਚੇ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਗੁਰੂ ਜੀ ਨੇ ਆਪਣੇ ਦਿੱਲੀ ਪਹੁੰਚਣ ਦੀ ਸੂਚਨਾ ਕੁਝ ਨਿਰਾਲੇ ਢੰਗ ਨਾਲ ਰਾਜ ਕੁਮਾਰ ਮੁਅੱਜ਼ਮ ਨੂੰ ਦਿੱਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਉਸ ਸਮੇਂ ਦਿੱਲੀ ਵਿਚ ਹੀ ਰਹਿ ਰਹੇ ਸਨ। ਉਨ੍ਹਾਂ ਨਾਲ ਦੂਜੇ ਮਾਤਾ ਸਾਹਿਬ ਦੇਵਾਂ ਸਨ, ਪਰ ਗੁਰੂ ਜੀ ਸ਼ਹਿਰ ਦੇ ਅੰਦਰ ਤੰਗ ਗਲੀਆਂ ਬਾਜ਼ਾਰਾਂ ਵਿਚ ਨਹੀਂ ਸਨ ਠਹਿਰ ਸਕਦੇ। ਉਨ੍ਹਾਂ ਨਾਲ ਹਥਿਆਰਬੰਦ ਸਿੰਘ ਤੇ ਸੈਂਕੜੇ ਘੋੜੇ ਸਨ, ਜਿਨ੍ਹਾਂ ਲਈ ਖੁੱਲ੍ਹੀ ਛਾਉਣੀ ਤੇ ਵਿਸ਼ਾਲ ਖੇਤਰ ਚਾਹੀਦਾ ਸੀ। ਇਸ ਲਈ ਗੁਰੂ ਜੀ ਦਿੱਲੀ ਤੋਂ ਬਾਹਰਵਾਰ ਇਕ ਵਣਜਾਰੇ ਸਿੱਖ ਭਾਈ ਮੋਤੀ ਸ਼ਾਹ ਦੀ ਹਵੇਲੀ ਆ ਠਹਿਰੇ।

ਉਹ ਲੱਖੀ ਸ਼ਾਹ ਵਣਜਾਰੇ ਦੇ ਪਰਿਵਾਰ ਵਿਚੋਂ ਸੀ, ਜਿਸ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ ਪਵਿੱਤਰ ਧੜ ਦਾ ਸਸਕਾਰ ਆਪਣੇ ਪਿੰਡ ਰਕਾਬ ਗੰਜ, ਆਪਣੇ ਘਰ ਨੂੰ ਅੱਗ ਲਾ ਕੇ ਕੀਤਾ ਸੀ। ਮੋਤੀ ਸ਼ਾਹ ਨੇ ਗੁਰੂ ਜੀ ਨੂੰ ਆਪਣੇ ਪਾਸ ਠਹਿਰਾਉਣ ਦੀ ਪੇਸ਼ਕਸ਼ ਵੀ ਕੀਤੀ। ਗੁਰੂ ਜੀ ਨੇ ਮੋਤੀ ਸ਼ਾਹ ਦੀ ਹਵੇਲੀ ਦੇ ਚਬੂਤਰੇ ’ਤੇ ਖੜ੍ਹੇ ਹੋ ਕੇ ਲਾਲ ਕਿਲ੍ਹੇ ਵਿਚ ਤੀਰ ਮਾਰਿਆ। ਲਾਲ ਕਿਲ੍ਹਾ ਉਥੋਂ ਸਿੱਧੀ ਕਾਂ-ਉਡਾਰੀ ਵਿਚ ਪੰਜ ਮੀਲ ਦੂਰ ਹੈ। ਰਵਾਇਤ ਪ੍ਰਚਲਤ ਹੈ ਕਿ ਉਹ ਤੀਰ ਮੁਅੱਜ਼ਮ ਦੇ ਮੰਜੇ ਦੇ ਪਾਵੇ ਵਿਚ ਲੱਗਾ। ਮੁਅੱਜ਼ਮ (ਬਹਾਦਰ ਸ਼ਾਹ) ਨੇ ਕਿਹਾ ਕਿ ਇਹ ਗੁਰੂ ਗੋਬਿੰਦ ਸਿੰਘ ਦੀ ਕਰਾਮਾਤ ਹੈ। ਝੱਟ ਪਿਛੋਂ ਦੂਜਾ ਤੀਰ ਆਇਆ, ਜਿਸ ਦੇ ਨਾਲ ਰੁੱਕਾ ਵੀ ਸੀ। ਉਸ 'ਤੇ ਲਿਖਿਆ ਸੀ ‘ਕਰਾਮਾਤ ਨਹੀ ਅਭਿਆਸ’। ਇਉਂ ਮੁਅੱਜ਼ਮ ਨੂੰ ਇਹ ਪਤਾ ਵੀ ਲੱਗ ਗਿਆ ਕਿ ਗੁਰੂ ਗੋਬਿੰਦ ਸਿੰਘ ਦਿੱਲੀ ਆ ਗਏ ਹਨ। ਮੋਤੀ ਸ਼ਾਹ ਦੀ ਹਵੇਲੀ ਦਾ ਉਹ ਦੁਬਾਰਾ ਅਜੇ ਵੀ ਕਾਇਮ ਹੈ ਤੇ ਉਥੇ ਸਦੀਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਰਿਹਾ ਹੈ। ਬਾਕੀ ਹਵੇਲੀ ਢਹਿ ਗਈ ਹੈ ਤੇ ਕੇਵਲ ਦਰਵਾਜ਼ੇ ਉੱਪਰ ਚਬੂਤਰਾ ਸਥਿਰ ਹੈ।

ਗੁਰੂ ਸਾਹਿਬ ਨੇ ਇਥੇ ਬੈਠ ਕੇ ਕਈ ਹਫ਼ਤੇ ਲਗਾਤਾਰ ਪ੍ਰਚਾਰ ਕੀਤਾ। ਆਪਣੇ ਪਰਿਵਾਰ ਨੂੰ ਇਥੇ ਬੁਲਾ ਲਿਆ, ਤੇ ਉਨ੍ਹਾਂ ਨੂੰ ਜਿਸ ਮਨੋਰਥ ਲਈ ਦਿੱਲੀ ਭੇਜਿਆ ਸੀ, ਉਸ ਬਾਰੇ ਰਿਪੋਰਟ ਲਈ। ਦਿੱਲੀ ਦੀ ਸਿੱਖ ਸੰਗਤ ਨੇ ਮਹਿਸੂਸ ਕੀਤਾ ਕਿ ਦਿੱਲੀ ਵਿਚ ਗੁਰੂ ਕੇ ਮਹਿਲਾਂ ਲਈ ਆਪਣਾ ਘਰ ਚਾਹੀਦਾ ਹੈ, ਜਿਥੇ ਆ ਕੇ ਫੌਜਾਂ ਵੀ ਠਹਿਰ ਸਕਣ, ਇਸ ਲਈ ਦਿੱਲੀ ਗੇਟ ਦੇ ਬਾਹਰ ਜ਼ਮੀਨ ਦਾ ਇਕ ਟੁਕੜਾ ਖ਼ਰੀਦਿਆ ਗਿਆ। ਪੁਰਾਣੇ ਮੁਗ਼ਲ ਰਿਕਾਰਡ ਵਿਚ ਇਸ ਜ਼ਮੀਨ ਦਾ ਇੰਤਕਾਲ ਗੁਰੂ ਗੋਬਿੰਦ ਸਿੰਘ ਦੇ ਨਾਮ ਤੇ ਕਰਵਾਇਆ ਗਿਆ। ਸਾਰੇ ਦੇਸ਼ ਵਿਚ ਇਹ ਜ਼ਮੀਨ ਦਾ ਟੁਕੜਾ ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਹੈ। ਇੱਥੇ ਮਾਤਾ ਸੁੰਦਰੀ ਤੇ ਸਾਹਿਬ ਦੇਵਾਂ ੪੦ ਸਾਲ ਰਹੀਆਂ। ਇੱਥੇ ਹੁਣ ਗੁਰਦੁਆਰਾ ਮਾਤਾ ਸੁੰਦਰੀ ਤੇ ਮਾਤਾ ਸੁੰਦਰੀ ਕਾਲਜ ਸਥਾਪਤ ਹਨ।

ਮੁਅੱਜ਼ਮ ਰਾਜਕੁਮਾਰ ਆਪਣੇ ਭਰਾ ਵਿਰੁਧ ਲੜਨ ਦੀ ਤਿਆਰੀ ਵਿਚ ਸੀ, ਜੋ ਦੱਖਣ ਵਲੋਂ ਮਾਰੋ ਮਾਰ ਕਰਦਾ ਆਗਰੇ ਵਲ ਵਧ ਰਿਹਾ ਸੀ। ਰਾਜਕੁਮਾਰ ਨੇ ਸੁਨੇਹਾ ਭੇਜਿਆ ਕਿ ਮੁਲਾਕਾਤ ਕਿਥੇ ਤੇ ਕਿਸ ਤਰ੍ਹਾਂ ਹੋਵੇ। ਅਖ਼ੀਰ ਫ਼ੈਸਲਾ ਹੋਇਆ ਕਿ ਹਮਾਯੂੰ ਦੇ ਮਕਬਰੇ ਦੇ ਪਿਛਲੇ ਪਾਸੇ ਖੁੱਲ੍ਹੇ ਮੈਦਾਨ ਵਿਚ ਮੁਲਾਕਾਤ ਦਾ ਪ੍ਰਬੰਧ ਕੀਤਾ ਜਾਵੇ। ਮੁਅੱਜ਼ਮ ਬਾਦਸ਼ਾਹ ਹੋਣ ਦਾ ਐਲਾਨ ਕਰ ਚੁੱਕਾ ਸੀ। ਉਹਦਾ ਕੈਂਪ ਹਮਾਯੂੰ ਦੇ ਮਕਬਰੇ ਦੇ ਅੰਦਰ ਲੱਗਾ ਅਤੇ ਗੁਰੂ ਜੀ ਦਾ ਪਿਛਲੇ ਪਾਸੇ ਬਾਹਰ। ਦੋਵੇਂ ਸਾਹਮਣੇ ਮੈਦਾਨ ਵਿਚ ਮਿਲੇ। ਬਾਦਸ਼ਾਹੀ ਫ਼ੌਜਾਂ ਨੇ ਸ਼ਾਹੀ ਸਲਾਮੀ ਗੁਰੂ ਜੀ ਨੂੰ ਦਿੱਤੀ। ਗੁਰੂ ਜੀ ਤੇ ਬਾਦਸ਼ਾਹ ਨੇ ਫ਼ੌਜੀ ਖੇਡਾਂ ਦੇਖੀਆਂ। ਬਾਦਸ਼ਾਹ ਦੇ ਹਾਥੀ ਨਾਲ ਗੁਰੂ ਸਾਹਿਬ ਨੇ ਇਕ ਸਾਂਢ ਦੀ ਲੜਾਈ ਕਰਵਾ ਦਿੱਤੀ। ਅਖੀਰ ਫ਼ੈਸਲਾ ਹੋਇਆ ਕਿ ਇਸ ਜੰਗ ਵਿਚ ਗੁਰੂ ਸਾਹਿਬ ਪੰਜ ਸੌ ਸਿੰਘਾਂ ਦੀ ਫ਼ੌਜ ਭੇਜਣਗੇ, ਪਰ ਸ਼ਰਤ ਇਹ ਲੱਗੀ ਕਿ ਸਾਰੀ ਮੁਗ਼ਲ ਫ਼ੌਜ ਦੇ ਜਰਨੈਲਾਂ ਦੀ ਕਮਾਨ ਹੇਠ ਲੜੇਗੀ, ਇਕ ਜਰਨੈਲ ਸਿੱਖ ਫ਼ੌਜ ਦਾ ਹੋਵੇਗਾ। ਲੜਾਈ ਦੇ ਮੈਦਾਨ ਵਿਚ ਮੁਗ਼ਲ ਝੰਡੇ ਦੇ ਨਾਲ ਕੇਸਰੀ ਨਿਸ਼ਾਨ ਸਾਹਿਬ ਬਰਾਬਰ ਝੁਲੇਗਾ। ਗੁਰੂ ਸਾਹਿਬ ਨਾਲ ਬਹਾਦਰ ਸ਼ਾਹ ਦੀ ਜੰਗ ਜਿੱਤਣ ਪਿਛੋਂ ਦੂਜੀ ਮੁਲਾਕਾਤ ਆਗਰੇ ਹੋਈ ਤੇ ਦੇਸ ਦੇ ਭਵਿੱਖ ਤੋਂ ਸਰਹੰਦ ਦੇ ਨਵਾਬ ਦੀ ਸਾਹਿਬਜ਼ਾਦਿਆਂ ਵਿਰੁਧ ਕਾਰਵਾਈ ਦੀ ਸਜ਼ਾ ਬਾਰੇ ਗੱਲਬਾਤ ਚਲ ਰਹੀ ਸੀ ਕਿ ਦੱਖਣ ਵੱਲ ਬਗ਼ਾਵਤ ਦੇ ਸਮਾਚਾਰ ਮਿਲਣ ’ਤੇ ਬਾਦਸ਼ਾਹ ਦੱਖਣ ਵਲ ਨੂੰ ਚਲ ਪਿਆ। ਉਹਨੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਵੀ ਦੱਖਣ ਵੱਲ ਆ ਜਾਣ। ਸੋ ਗੁਰੂ ਗੋਬਿੰਦ ਸਿੰਘ ਦਿੱਲੀ-ਫੇਰੀ ਪਿਛੋਂ ਦੱਖਣ ਵੱਲ ਚਲੇ ਗਏ।

ਜਿਸ ਅਸਥਾਨ ’ਤੇ ਦਿੱਲੀ ਵਿਚ ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦਰ ਸ਼ਾਹ ਦੀ ਮੁਲਾਕਾਤ ਲਈ ਕੈਂਪ ਲੱਗਾ, ਉਸ ਅਸਥਾਨ ’ਤੇ ਗੁਰਦੁਆਰਾ ਦਮਦਮਾ ਸਾਹਿਬ ਸਥਾਪਤ ਹੈ। ਇਹ ਥਾਂ ਹਮਾਯੂੰ ਦੇ ਮਕਬਰੇ ਦੇ ਪਿੱਛੇ ਤੇ ਨਜ਼ਾਮੁਦੀਨ ਰੇਲਵੇ ਸਟੇਸ਼ਨ ਦੇ ਬਿਲਕੁਲ ਨਾਲ ਹੈ। ਇਥੇ ਵੀ ਪਹਿਲਾਂ ਇਕ ਕਮਰੇ ਵਾਲਾ ਛੋਟਾ ਜਿਹਾ ਗੁਰਦੁਆਰਾ ਹੁੰਦਾ ਸੀ, ਪਰ ਹੁਣ ਪਿਛਲੇ ੧੫ ਸਾਲਾਂ ਵਿਚ ਇਥੇ ਵੀ ਚਿੱਟੇ ਸੰਗਮਰਮਰ ਦੀ ਬਹੁਤ ਉਚੀ ਇਮਾਰਤ ਉਸਰ ਗਈ ਹੈ, ਜੋ ਰਿੰਗ ਰੋਡ ਤੋਂ ਦਰਿਆ ਜਮਨਾ ਦੇ ਨਾਲ ਸਾਫ਼ ਦੂਰੋਂ ਨਜ਼ਰ ਆਉਂਦੀ ਹੈ। ਦਿੱਲੀ ਦੀਆਂ ਸਿੱਖ ਸੰਗਤਾਂ ਸਦੀਆਂ ਤੋਂ ਹਰ ਸਾਲ ਹੋਲੇ ਮਹੱਲੇ ਦਾ ਜੋੜ ਮੇਲਾ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਮਨਾਉਂਦੀਆਂ ਹਨ।

ਗੁਰਦੁਆਰਾ ਮੋਤੀ ਬਾਗ ਅਤੇ ਗੁਰਦੁਆਰਾ ਦਮਦਮਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਲੀ-ਫੇਰੀ ਦੀਆਂ ਅਮਰ ਯਾਦਗਾਰਾਂ ਹਨ, ਜੋ ਚੜ੍ਹਦੀ ਕਲਾ ਨਾਲ ਜੀਵਨ ਜੀਊਣ ਦਾ ਸੰਦੇਸ਼ ਦੇ ਰਹੀਆਂ ਹਨ ਤੇ ਹਰ ਸੰਕਟ ਦਾ ਟਾਕਰਾ ਸਾਹਸ ਨਾਲ ਕਰਨ ਦੀਆਂ ਪ੍ਰਤੀਕ ਹਨ।

# ਦਸਮੇਸ਼ ਪਿਤਾ ਜੀ - ਅਖੰਡਤਾ ਤੇ ਸ਼ਕਤੀ ਦੇ ਪੁੰਜ

*(ਭਾਈ ਸੱਜਣ ਸਿੰਘ ਜੀ)*

ਇਨਸਾਨੀ ਸਰੀਰ ਦੇ ਸਾਰੇ ਅੰਗਾਂ ਦੇ ਕਾਰਜ ਭਿੰਨ ਭਿੰਨ ਹਨ, ਭਾਵੇਂ ਇਹ ਸਰੀਰ ਦੇ ਅਤੁੱਟ ਅੰਗ ਹਨ ਤੇ ਇੰਨ੍ਹਾਂ ਦਾ ਆਪਸੀ ਸੰਬੰਧ ਭੀ ਹੈ। ਮਨ ਤੇ ਦਿਮਾਗ ਦੀ ਆਗਿਆ ਪਾਲਣ ਕਰਨ ਵਿੱਚ ਹੀ ਇਨ੍ਹਾਂ ਦੀ ਭਲਾਈ ਹੈ। ਜੇ ਕਿਸੇ ਕਾਰਣ-ਵੱਸ ਇਨ੍ਹਾਂ ਦੀ ਇੱਕ- ਸੁਰਤਾ ਉਖੜ ਜਾਵੇ ਜਾਂ ਢਿੱਲੀ ਪੈ ਜਾਵੇ ਤਾਂ ਚੰਗੇ ਗੁਣਾਂ, ਸੁਖਾਵੇਂ ਕਾਰ-ਵਿਹਾਰ ਤੇ ਸ਼ਕਤੀ ਦਾ ਵਿਨਾਸ਼ ਹੋ ਜਾਂਦਾ ਹੈ। ਜਿਸ ਸਮਾਜ ਦੇ ਵਿਚਾਰਾਂ ਵਿਚ ਤਰੇੜ ਪੈ ਜਾਵੇ ਕਰਮਾਂ ਦੀ ਇੱਕ-ਸੁਰਤਾ ਭੰਗ ਹੋ ਜਾਇ, ਮਾਨਸਕ ਸ਼ਕਤੀਆਂ ਬਿਖਰ ਕੇ ਨਿਰਬਲ ਹੋ ਜਾਣ, ਉਹ ਸਮਾਜ ਆਜ਼ਾਦੀ ਦੀਆਂ ਕਦਰਾਂ-ਕੀਮਤਾਂ ਪਛਾਨਣ ਜੋਗਾ ਨਹੀਂ ਰਹਿੰਦਾ। ਜਿਸ ਦੇਸ਼ ਦੇ ਅਲੱਗ-ਅਲੱਗ ਭਾਗ ਜਾਂ ਪ੍ਰਾਂਤ ਏਕਤਾ ਗੁਆ ਬੈਠਨ, ਬੇਇਤਬਾਰੀ ਤੇ ਵਿਸਾਹ-ਘਾਤ ਦੇ ਔਗੁਣ ਦਾ ਸ਼ਿਕਾਰ ਬਣ ਜਾਣ, ਉਹ ਦੇਸ਼ ਆਤਮ-ਘਾਤੀ ਹੈ।

ਗੁਰੂ ਸਾਹਿਬਾਨ ਦੇ ਸਮੇਂ ਸਮੁੱਚਾ ਭਾਰਤ ਭੇਡਾਂ, ਬੱਕਰੀਆਂ ਦਾ ਬਾੜਾ ਬਣ ਚੁੱਕਿਆ ਸੀ, ਗਊ ਗਰੀਬ ਦੀ ਨਿਰਬਲਾ ਤੇ ਭੋਲਾਪਨ ਜੈਸੇ ਔਗੁਣਾਂ ਨੂੰ ਅਪਨਾਅ ਚੁੱਕਿਆ ਸੀ, ਜਿਸ ਦਾ ਜ਼ਿਕਰ ਸਾਹਿਬ ਸ੍ਰੀ ਗੁਰ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ। ਇਸ ਦੇ ਮੁਕਾਬਲੇ ਵਿਚ ਮੁਗਲ ਜ਼ਾਬਰਾਂ ਨੂੰ ਰੱਤ-ਪੀਣਾ ਸ਼ੇਰ ਆਖਿਆ ਹੈ-

***ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥***
***ਅੰਗ - ੩੬੦***

ਇਸ ਤੋਂ ਇਲਾਵਾ ਵਿਸ਼ੇਸ ਕਰ ਵੀ ਗਊ ਬ੍ਰਾਹਮਣ ਤੇ ਲੱਗਦਾ ਸੀ।

***ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥ (੪੭੧, ਆਸਾ ਦੀ ਵਾਰ)***

ਹਜ਼ੂਰ ਨੇ ਮੁਗਲਾਂ ਦੇ ਹਮਲੇ ਤੇ ਭਿਆਨਕ ਲੜਾਈਆਂ ਦੀਆਂ ਘਟਨਾਵਾਂ ਅੱਖਾਂ ਨਾਲ ਤੱਕੀਆਂ। ਦੋਨਾਂ ਧਿਰਾਂ ਦੇ ਰਹਿਣ-ਸਹਿਣ, ਗੁਣਾਂ-ਅਉਗੁਣਾਂ, ਸੋਚ-ਵਿਚਾਰਾਂ, ਕਰਮਾਂ-ਪ੍ਰਤੀਕਰਮਾਂ ਦੀ ਤਸਵੀਰ ਨੂੰ ਲਿਖਤੀ ਰੂਪ ਵਿਚ ਸਾਡੇ ਤਕ ਪਹੁੰਚਾਇਆ। ਮੁਗਲ ਹਿੰਮਤੀ ਤੇ ਹਿੰਸਾਵਾਦੀ ਸਨ, ਉਹ ਜਾਬਰ ਤੇ ਇਕ ਮੁੱਠ ਸਨ ਜਦ ਕਿ ਭਾਰਤੀ ਅਨਿਕ ਭਾਂਤ ਦੀਆਂ ਵੰਡੀਆਂ ਵਿਚ ਜਕੜੇ, ਮੇਮਣੇ ਦੀ ਨਾਦਾਨੀ ਤੇ ਮਾਸੂਮੀਅਤ ਦਾ ਬੁਰਕਾ ਪਾਈ ਬੈਠੇ ਸਨ। ਮੁਗਲ ਹੱਸ ਕੇ ਜ਼ੁਲਮ ਕਮਾਂਦੇ ਤੇ ਜਸ਼ਨ ਮਨਾਂਦੇ ਸਨ, ਭਾਰਤੀ ਰੋਂਦੇ, ਪਿੱਟਦੇ, ਬੇਵਸੀ ਵਿੱਚ ਅੱਤਿਆਚਾਰ ਬਰਦਾਸ਼ਤ ਕਰੀ ਜਾਂਦੇ ਸਨ। ਉਨ੍ਹਾਂ ਬੇਦਰਦੀ ਨਾਲ ਲੁੱਟਿਆ ਤੇ ਮਾਣ ਨਾਲ ਹਕੂਮਤ ਕੀਤੀ, ਇਹ ਕਾਇਰ ਭੇਡੂ ਇਕ ਨਿਰਭਉ ਨਿਰੰਕਾਰ ਨੂੰ ਵਿਸਾਰ ਕੇ ਮਾਰ ਖਾਂਦੇ ਰਹੇ ਤੇ ਸਬਰ ਦਾ ਘੁੱਟ ਪੀਂਦੇ ਰਹੇ। ਸਭ ਤੋਂ ਵੱਡੀ ਬਦਕਿਸਮਤੀ ਦੀ ਗੱਲ ਇਹ ਸੀ ਕਿ ਭਾਰਤ ਨੇ ਕੋਈ ਐਸਾ ਸਪੁੱਤਰ ਨਹੀਂ ਸੀ ਜਨਮਿਆ ਜਿਹੜਾ ਭਾਰਤ ਦੇ ਵਾਸੀਆਂ ਵਿੱਚ ਸੂਰਮਗਤੀ ਦੀ ਨਵੀਂ ਰੂਹ ਫੂਕਦਾ ਤੇ ਸਭ ਨੂੰ ਏਕਤਾ ਦੇ ਧਾਗੇ ਵਿਚ ਪਿਰੋਂਦਾ।

ਹਿੰਦੂ ਜਾਤੀ ਦੇ ਵਿੱਦਿਆ ਕੇਂਦਰ ਜਬਰਦਸਤੀ ਬੰਦ ਕੀਤੇ, ਮੰਦਰਾਂ ਨੂੰ ਢਾਹ ਕੇ ਮਸਜਦਾਂ ਦੀ ਉਸਾਰੀ ਕੀਤੀ, ਪੁਜਾਰੀਆਂ ਤੇ ਦੇਵੀ-ਦੇਵਤਿਆਂ ਦੀਆਂ ਫਰਿਆਦਾਂ ਅਰਸ਼ਾਂ ਤੱਕ ਪੁੱਜੀਆਂ। ਹਕੂਮਤ ਦੀ ਪੱਖ-ਵਾਦੀ ਪਾਲਿਸੀ, ਵਧੀਕੀ, ਬੇਇਨਸਾਫ਼ੀ ਤੇ ਜ਼ੁਲਮ ਤੋਂ ਤੰਗ ਹੋਈ ਦੁਖਿਆਰੀ ਜਨਤਾ ਦੀਆਂ ਪੁਕਾਰਾਂ ਨੇ ਅਤੇ ਜਬਰੀ ਧਰਮ ਪਰੀਵਰਤਣ ਦੇ ਤੂਫਾਨੀ ਕਹਿਰ ਵਿਚ ਗ੍ਰਸਤ ਰੂਹਾਂ ਦੀਆਂ ਚੀਖਾਂ ਤੇ ਕੂਕਾਂ ਨੇ ਭਾਰਤ ਮਾਤਾ ਦੀ ਆਤਮਾ ਨੂੰ ਵਲੂੰਦੜ ਕੇ ਰੱਖ ਦਿੱਤਾ। ਅਕਾਲ ਪੁਰਖ ਨੇ ਆਪ ਦੁਸ਼ਟ ਦਮਨ ਨੂੰ ਯੋਗ ਸਮਝ ਕੇ, ਦੁਸਟ ਸੰਘਾਰਨ ਤੇ ਸੰਤ ਉਬਾਰਨ ਲਈ ਸੰਸਾਰ ਵਿਚ ਭੇਜਿਆ।

ਇਹ ਵਿਸ਼ਵਾਸ਼ ਦੀ ਨਹੀਂ, ਇਤਿਹਾਸ ਦੀ ਗੱਲ ਹੈ ਕਿ ਆਪ ਨੇ ਐਸਾ ਇਨਕਲਾਬੀ ਕਦਮ ਚੁੱਕਿਆ, ਜੱਗ

ਤੋਂ ਨਿਆਰੇ ਐਸੇ ਖਾਲਸਾ ਪੰਥ ਦੀ ਸਥਾਪਨਾ ਕੀਤੀ, ਐਸੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੱਦੀ ਬਖਸ਼ੀ, ਜਿਨ੍ਹਾਂ ਦੀ ਸਮੁੱਚੀ ਅਗਵਾਈ ਨੇ ਸਿੱਖ ਪੰਥ ਨੂੰ ਵਿਸ਼ਵ ਭਰ ਵਿਚ ਨਵੇਕਲਾ ਤੇ ਸ਼ੇਸ਼ਟ ਅਸਥਾਨ ਪ੍ਰਾਪਤ ਕਰਨ ਦਾ ਮਾਣ ਦਿਲਵਾਇਆ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਮਲ ਵੈਦ ਵਾਂਗਰ ਰੋਗਾਂ ਦੀ ਸਹੀ ਪਛਾਣ ਕੀਤੀ, ਯੋਗ ਔਸ਼ਧੀ ਦਿੱਤੀ, ਸਹੀ ਤਰੀਕੇ ਨਾਲ, ਸਹੀ ਸਮੇਂ ਤੇ ਪ੍ਰਯੋਗ ਕਰਨ ਦਾ ਉਪਦੇਸ਼ ਦਿੱਤਾ, ਰਹਿਤ ਲਾਜ਼ਮੀ ਕਰਾਰ ਕੀਤੀ, ਕੁਰਹਿਤਾਂ ਤੋਂ ਬਚਣਾ ਪਰਹੇਜ ਦੱਸਿਆ। ਕਾਮਲ ਵੈਦ ਦੇ ਲੱਛਣ ਬਾਰੇ ਗੁਰ ਫੁਰਮਾਨ ਹੈ -

*ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥ ਅੰਗ - ੧੪੮*

ਜੇ ਰੋਗ ਕੁਝ ਹੋਰ ਹੋਵੇ ਤੇ ਦਾਰੂ ਹੋਰ ਹੋਵੇ ਤਾਂ ਸਰੀਰ ਵਿਚ ਕਈ ਹੋਰ ਪੇਚੀਦਾ (ਗੁੰਝਲਦਾਰ) ਬਿਮਾਰੀਆਂ ਉਤਪੰਨ ਹੁੰਦੀਆਂ ਹਨ।

ਰੋਗ ਵੀ ਬਹੁਤ ਸਨ ਤੇ ਔਸ਼ਧੀਆਂ ਭੀ ਬਹੁਤ ਪਰ ਇਸ ਵਿਚਾਰਧਾਰਾ ਦੇ ਸਬੰਧ ਵਿਚ ਕੇਵਲ ਦੇ ਰੋਗਾਂ ਦਾ ਵਰਨਣ ਹੀ ਉਚਿਤ ਹੈ -

ਰੋਗ - ਮਾਨਸਕ ਕਮਜ਼ੋਰੀ, ਸਰੀਰਕ ਸਿੱਥਲਤਾ, ਬੇਇਤਫਾਕੀ ਜਾਂ ਅਨੇਕਤਾ।

ਇਲਾਜ - ਖੰਡੇ ਦਾ ਅੰਮ੍ਰਿਤ, ਨਾਮ ਸਿਮਰਨ, ਰਹਿਤ, ਫੌਜੀ ਜ਼ਬਤ।

ਪ੍ਰਾਪਤੀ - ਅਣਖ, ਫੌਲਾਦੀ ਇਰਾਦਾ, ਸ਼ਕਤੀ, ਅਖੰਡਤਾ, ਏਕਤਾ।

ਦਾਤਾਰ ਪਿਤਾ ਨੇ ਉਹ ਕੁਝ ਕੀਤਾ, ਜੋ ਕੋਈ ਵੀ ਕਰ ਨਾ ਸਕਿਆ, ਜਾਂ ਸੋਚ ਨ ਸਕਿਆ। ਹਜ਼ੂਰ ਨੇ ਨੀਵੇਂ ਨੂੰ ਉੱਚਾ ਕੀਤਾ, ਜਿਹੜਾ ਦਰਬਾਰ ਵਿਚ ਆਇਆ, ਉਸ ਦੀ ਹੇਠੀ ਨਹੀਂ ਹੋਣ ਦਿੱਤੀ। ਜੋੜਨ ਦਾ ਕੰਮ ਕੀਤਾ, ਜੁੜਿਆਂ ਨੂੰ ਟੁੱਟਣ ਨਹੀਂ ਦਿੱਤਾ। ਬਿਖਰੀਆਂ ਸ਼ਕਤੀਆਂ ਨੂੰ ਕੇਂਦਰਿਤ ਕਰਕੇ ਬਲਦਾਇਕ ਬਣਾਇਆ। ਨਿਰਸੰਦੇਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਸੀ ਮਹਾਨ ਸ਼ਖਸ਼ੀਅਤ ਦੇ ਮਾਲਕ ਸਨ ਜਿਹੜੇ ਧਾਰਮਕ ਆਗੂ ਤੇ ਹੱਕ ਦੇ ਰਹਿਬਰ ਹੁੰਦੇ ਵੀ ਪਤਿਤ, ਦੁਰਕਾਰੇ, ਬੇਹਰਕਤ ਮੁਰਦਾ ਜਿੰਦੜੀਆਂ ਨੂੰ ਸ਼ੁੱਧਤਾ-ਸ਼ਕਤੀ-ਅਖੰਡਤਾ ਦੇ ਰੂਹ-ਅਫ਼ਜ਼ਾ ਤਾਰ ਵਿਚ ਪਰੋਣ ਵਿਚ ਸਫ਼ਲ ਹੋਏ।

ਉਚ ਨੀਚ, ਜਾਤ-ਪਾਤ, ਅਮੀਰੀ-ਗਰੀਬੀ, ਮਿਤ੍ਰ-ਸਤ੍ਰ ਦਾ ਭੇਦ ਮਿਟਾਉਣਾ ਆਪ ਜੀ ਦਾ ਉਦੇਸ਼ ਸੀ। ਸੱਚੀ ਰਹੁ ਰੀਤੀ ਵਿਚ ਸਮਾਨਤਾ ਦਾ ਉਪਦੇਸ਼ ਸੀ। ਬੀਰ ਰਸ ਦਾ ਜਜ਼ਬਾ ਭਰਨ ਲਈ ਪੁਰਾਤਨ ਗ੍ਰੰਥਾਂ ਦਾ ਅਧਿਐਨ ਕੀਤਾ, ਤਰਜਮਾ ਕੀਤਾ ਤੇ ਕਰਵਾਇਆ, ਕਵੀ ਦਰਬਾਰ ਦੀ ਪ੍ਰੰਪਰਾ ਆਰੰਭ ਕੀਤੀ। ਪਾਉਂਟਾ ਸਾਹਿਬ ਵਿਚ ਹਜ਼ੂਰ ਪਾਸ ਬਵੰਜਾ ਦਰਬਾਰੀ ਕਵੀ ਸਨ ਜਿਹੜੇ ਬੀਰਤਾ, ਅਖੰਡਤਾ ਤੇ ਕਾਵਿਕ ਰਸਾਂ ਨੂੰ ਧਿਆਨ ਵਿਚ ਰੱਖਦਿਆਂ ਆਪਣੇ ਬਚਨ ਕਲਮ ਬੰਦ ਕਰਦੇ ਤੇ ਉਚਾਰਦੇ ਸਨ। ਕਾਵਿਕ ਗ੍ਰੰਥ, ਪੰਜਾਬੀ, ਹਿੰਦੀ, ਬ੍ਰਿਜ ਭਾਸ਼ਾ, ਸੰਸਕ੍ਰਿਤ, ਫ਼ਾਰਸੀ, ਸਾਰੀਆਂ ਬੋਲੀਆਂ ਵਿਚ ਰਚੇ ਜਾਂਦੇ ਸਨ।

ਗੁਰਦੇਵ ਜੀ ਦੀ ਆਪਣੀ ਬਾਣੀ ਹਰੇਕ ਪੱਖੋਂ ਸੰਪੂਰਨ ਲਾਜਵਾਬ ਤੇ ਮੌਲਿਕ ਹੈ। ਜਾਪੁ ਸਾਹਿਬ ਵਿਚ ਅਕਾਲ ਪੁਰਖ ਦੇ ਆਪਣੇ ਦੈਵੀ ਗੁਣਾਂ ਦੀ ਝਲਕ ਸਾਫ਼ ਦ੍ਰਿਸ਼ਟਮਾਨ ਹੈ। ਇਸ ਬਾਣੀ ਵਿਚ ਫ਼ਾਰਸੀ ਤੇ ਸੰਸਕ੍ਰਿਤ ਦੇ ਅਤੀ ਢੁਕਵੇਂ ਸ਼ਬਦਾਂ ਦੀ ਵਰਤੋਂ ਕਰਕੇ ਆਪ ਜੀ ਦੀ ਉਦਾਰਤਾ ਤੇ ਧਰਮ ਨਿਰਪੇਖ ਦ੍ਰਿਸ਼ਟੀ ਕੋਣ ਦਾ ਸਬੂਤ ਦਿਖਾਈ ਦਿੰਦਾ ਹੈ।

ਵਿਸ਼ਵਾਸ਼ ਦੇ ਇਲਾਵਾ, ਮਨੋਵਿਗਿਆਨਕ ਦ੍ਰਿਸ਼ਟੀ ਵੀ 'ਜੈਸਾ ਸੇਵੈ ਤੈਸਾ ਹੋਵੈ' ਦੀ ਪੁਸ਼ਟੀ ਕਰਦੀ ਹੈ। ਕਲਗੀਧਰ ਪਾਤਸ਼ਾਹ ਦ੍ਵੈ ਤੋਂ ਇੱਕ ਰੂਪ ਹੋ ਚੁੱਕੇ ਸਨ। ਇਉਂ ਅਕਾਲ ਪੁਰਖ ਦੇ ਦੈਵੀ ਗੁਣਾਂ ਦਾ ਨਿਵਾਸ, ਗੁਰਦੇਵ ਜੀ ਦੇ ਪਾਵਨ ਹਿਰਦੇ ਵਿਚ ਹੋਣਾ ਕੁਦਰਤੀ ਤੇ ਸੁਭਾਵਕ ਸੀ। ਆਪ ਜੀ ਨੇ ਤਾਂ ਇਸ ਤੋਂ ਵੱਧ ਅਰਥਾਤ ਆਪਣੀ, ਖਾਲਸੇ ਤੇ ਅਕਾਲ ਪੁਰਖ ਦੀ ਇੱਕ ਮਿੱਕਤਾ ਤੇ ਇਕ-ਸੁਰਤਾ ਦਾ ਪ੍ਰਗਟਾਵਾ ਖੁੱਲ੍ਹ ਕੇ ਕੀਤਾ।

*ਆਤਮ ਰਸੁ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*ਸਰਬ ਲੋਹ ਗ੍ਰੰਥ*

ਦੂਸਰੇ ਸ਼ਬਦਾਂ ਵਿਚ ਹਜ਼ੂਰ ਨੇ ਅਕਾਲ ਪੁਰਖ ਦੇ ਜਿਹੜੇ ਰੱਬੀ ਗੁਣਾਂ ਦਾ ਵਰਨਣ ਆਪਣੀ ਰਚਨਾ ਵਿਚ ਕੀਤਾ ਉਨ੍ਹਾਂ ਸਾਰਿਆਂ ਦਾ ਟਿਕਾਉ ਆਪ ਦੇ ਨਿਰਮਲ ਹਿਰਦੇ ਵਿਚ ਸੁਭਾਇਮਾਨ ਹੈ, ਤੇ ਖ਼ਾਲਸੇ ਨੂੰ ਇੰਨ ਬਿੰਨ ਪ੍ਰਤੀਤ ਹੁੰਦਾ ਹੈ। ਅਕਾਲ ਪੁਰਖ ਬੇਸ਼ੱਕ ਵਾਹਦ ਤੇ ਜੋਤੀ ਸਰੂਪ ਹੈ, ਫਿਰ ਵੀ ਸਮਸਤ ਧਾਰਮਿਕ ਆਗੂਆਂ ਦੇ ਕਥਿਤ ਭਗਵਾਨ, (ਵੱਖਰੇ ਸਮਾਜ, ਸਮੇਂ ਤੇ ਸਥਾਨਕ ਪ੍ਰਸਥਿਤੀਆਂ ਅਨੁਸਾਰ) ਆਪਣੇ ਆਪਣੇ ਸਨ। ਇਹ ਵਿਸ਼ਾਲ ਦ੍ਰਿਸ਼ਟੀ ਆਪ ਹੀ ਨੂੰ ਸੋਭਦੀ ਹੈ ਕਿ ਆਪ ਦਾ ਅਕਾਲ ਪੁਰਖ

ਸਰਬ ਸਾਂਝਾ, ਸਭ ਤੋਂ ਨਿਆਰਾ, ਸਮਾਜਕ ਤੇ ਧਾਰਮਕ ਬੰਧਨਾਂ ਤੋਂ ਸੁਤੰਤਰ ਹੈ।

ਹਜ਼ੂਰ ਨੇ ਐਸੇ ਪਰਮ-ਜਯੋਤੀ ਨੂੰ ਪ੍ਰਣਾਮ ਕੀਤਾ ਹੈ ਜਿਹੜਾ ਅਨਾਮੇ ਹੈ, ਅਠਾਮੇ ਹੈ (ਜਿਸ ਦਾ ਵਿਸ਼ੇਸ਼ ਨਾਮ ਤੇ ਟਿਕਾਣਾ ਨਹੀਂ)। ਅਕਰਮ ਹੈ, ਅਧਰਮ ਹੈ (ਕਿਸੇ ਵਿਸ਼ੇਸ਼ ਕਰਮ ਜਾਂ ਧਰਮ ਤੋਂ ਸੁਤੰਤਰ ਹੈ)। ਅਦੇਸੇ ਤੇ ਅਭੇਸੇ ਹੈ,(ਜਿਸ ਦਾ ਸਬੰਧ ਕਿਸੇ ਖਾਸ ਦੇਸ਼ ਜਾਂ ਭੇਸ ਨਾਲ ਨਹੀਂ)। ਨਮਸਤੰ ਅਮਜਬੇ॥ ਨਮਸਤਸਤੁ ਅਜਬੇ॥੧੭॥ (ਜਿਸ ਦਾ ਕੋਈ ਮਜ਼ਹਬ ਨਹੀਂ।) ਹਕੀਕਤ ਵਿਚਸਾਰੀ ਸਾਰੀ ਕਾਇਨਾਤ ਉਸਦੀ ਹੈ, ਉਹ ਸਭ ਜਾਤਾਂ ਪਾਤਾਂ ਵਿੱਚ ਰਮਿਆ ਹੈ। ਕਿ ਸਰਬਤ੍ਰ ਦੇਸੈ ਕਿ ਸਰਬਤ੍ਰ ਭੇਸੈ॥ (ਜਾਪੁ ਸਾਹਿਬ) ਅਫਸੋਸ, ਕਿ ਹਿੰਦੂ ਉੱਚ ਜਾਤੀ ਤੇ ਪਹਾੜੀ ਰਾਜਿਆਂ ਨੇ ਏਕਤਾ-ਅਨੇਕਤਾ ਦੇ ਭਾਵ ਨੂੰ ਸਹੀ ਅਰਥਾਂ ਵਿਚ ਨਹੀਂ ਸਮਝਿਆ। ਗੁਰਦੇਵ ਜੀ ਨੇ ਊਚ-ਨੀਚ ਦਾ ਭੇਦ ਮਿਟਾ ਕੇ ਸਮਾਨਤਾ ਦਾ ਦਰਜਾ ਦੇਣਾ ਚਾਹਿਆ, ਏਕਤਾ ਤੇ ਬਲ ਭਰਨ ਦੀ ਕੋਸ਼ਿਸ਼ ਕੀਤੀ ਪਰ ਪਹਾੜੀ ਰਿਆਸਤਾਂ ਦੇ ਰਾਜਿਆਂ ਨੇ ਸਹਿਯੋਗ ਦੇਣ ਦੀ ਬਜਾਏ - ਵਿਰੋਧਤਾ ਕੀਤੀ। ਮੁਗਲਾਂ ਤੇ ਰਾਜਿਆਂ ਦੀ ਲੜਾਈ ਵਿਚ ਗੁਰਦੇਵ ਜੀ ਨੇ ਰਾਜਿਆਂ ਦਾ ਸਾਥ ਦਿੱਤਾ, ਪਰ ਜਦ ਗੁਰਦੇਵ ਜੀ ਨੂੰ ਮੁਗਲਾਂ ਵਿਰੁੱਧ ਸੰਘਰਸ਼ ਕਰਨਾ ਪਿਆ ਤਾਂ ਰਾਜਿਆਂ ਨੇ ਮੁਗਲਾਂ ਦਾ ਸਾਥ ਦਿੱਤਾ। ਇਤਿਹਾਸ ਤਾਂ ਇਹ ਕਹਿੰਦਾ ਹੈ ਕਿ ਗੁਰੂ ਸਾਹਿਬ ਤੇ ਮੁਗਲ ਸੈਨਾ ਦੀ ਲੜਾਈ ਹੀ ਰਾਜਿਆਂ ਦੀ ਚੁਗਲੀ ਤੇ ਉਕਸਾਉਣ ਕਾਰਣ ਹੋਈ ਸੀ। ਕਾਇਰ ਤੇ ਨਿਰਬਲ ਰਾਜਿਆਂ ਦੀ ਅਕਲ ਵਿਚ ਇਹ ਗੱਲ ਨਹੀਂ ਬੈਠੀ ਕਿ ਗੁਰਦੇਵ ਜੀ ਅਨੇਕਤਾ ਵਿੱਚ ਏਕਤਾ ਲਿਆਉਣੀ ਚਾਹੁੰਦੇ ਸਨ ਪਰ ਮੁਗਲ ਸ਼ਹਿਨਸ਼ਾਹ ਅਨੇਕਤਾ ਮਿਟਾ ਕੇ ਆਪਣੀ ਮਨੋਕਲਪਤ ਏਕਤਾ ਵਿਚ ਸ਼ਾਮਲ ਕਰਨ ਦੇ ਇੱਛਕ ਸਨ। ਗੁਰਦੇਵ ਜੀ ਦਾ ਫੁਰਮਾਨ ਹੈ -

*ਅਮਾਨ ਹੈਂ॥ ਨਿਧਾਨ ਹੈਂ॥*
*ਅਨੇਕ ਹੈਂ॥ ਫਿਰਿ ਏਕੁ ਹੈਂ॥*

ਭਾਰਤ ਵਾਸੀਆਂ ਨੇ ਹਰੇਕ ਖੇਤਰ ਵਿਚ ਏਕਤਾ ਤਿਆਗ ਕੇ ਅਨੇਕਤਾ ਲਿਆਂਦੀ ਤੇ ਗੁਰੂ ਸਾਹਿਬਾਨ ਤੇ ਸਿੱਖਾਂ ਨੂੰ ਏਕਤਾ ਲਿਆਉਣ ਲਈ ਬਹੁਤ ਸੰਘਰਸ਼ ਕਰਨਾ ਪਿਆ ਤੇ ਸਿਰਾਂ ਦੀ ਕੁਰਬਾਨੀ ਦੇਣੀ ਪਈ।

ਦਾਤਾਰ ਪਿਤਾ ਨੇ ਆਪਣੇ ਸੰਕਲਪ ਨੂੰ ਸਾਕਾਰੀ ਰੂਪ ਦੇਣ ਲਈ ਅਤੇ ਆਪਣੇ ਗੁਰਸਿੱਖਾਂ ਵਿੱਚ ਅਕਾਲ ਪੁਰਖ ਦੇ ਰੱਬੀ ਗੁਣ, ਸੰਤੁਲਤ ਰੂਪ ਵਿਚ ਭਰਨ ਲਈ ੧੬੯੯ ਦੀ ਵਿਸਾਖੀ ਵਾਲੇ ਦਿਨ, ਸੰਗਤਾਂ ਨੂੰ ਵਿਸ਼ੇਸ਼ ਸੰਦੇਸ਼ ਦੁਆਰਾ ਅਨੰਦਪੁਰ ਸਾਹਿਬ ਬੁਲਾਇਆ। ਇਸ ਕਾਰਜ ਵਿੱਚ ਅਕਾਲ ਪੁਰਖ ਦਾ ਆਪਣਾ ਯੋਗਦਾਨ ਪਰਤੱਖ ਤੇ ਕੌਤਕ ਭਰਿਆ ਸੀ। ਇਤਿਹਾਸ ਗਵਾਹ ਹੈ ਕਿ ਪੰਜਾਂ ਪਿਆਰਿਆਂ ਦੀ ਚੋਣ, ਗੁਰਦੇਵ ਜੀ ਨੇ ਆਪ ਨਹੀਂ ਕੀਤੀ, ਅਕਾਲ ਪੁਰਖ ਨੇ ਕੀਤੀ ਸੀ। ਆਪਣਾ ਸੀਸ ਭੇਟਾ ਕਰਨ ਲਈ ਉਹ ਸਿੱਖ ਮੈਦਾਨ ਵਿਚ ਨਿੱਤਰੇ ਜਿਨ੍ਹਾਂ ਨੂੰ ਅਕਾਲ ਪੁਰਖ ਨੇ ਆਪ ਪ੍ਰੇਰਣਾ ਦਿੱਤੀ ਤੇ ਗੁਪਤ ਫੁਰਮਾਨ ਕੀਤਾ। ਦਇਆ, ਧਰਮ, ਮੁਹਕਮ, ਸਾਹਿਬ ਤੇ ਹਿੰਮਤ, ਇਹ ਪੰਜੇ ਨਾਉਂ, ਦੈਵੀ ਗੁਣਾਂ ਦੇ ਲਖਾਇਕ ਹਨ। ਦਇਆ ਤੇ ਧਰਮ ਹਮਦਰਦੀ ਤੇ ਮਰਿਆਦਾ ਨੂੰ ਪ੍ਰਗਟਾਉਂਦੇ ਹਨ। ਇਨ੍ਹਾਂ ਵਿਚ ਰੱਬੀ ਆਤਮਾ ਦੀ ਪਰਉਪਕਾਰੀ ਭਾਵਨਾ ਹੈ। ਮੁਹਕਮ, ਸਾਹਿਬ ਤੇ ਹਿੰਮਤ ਵਿਚ ਉਦਾਰਤਾ ਤੇ ਸ਼ਕਤੀ ਦਾ ਅੰਸ਼ ਹੈ। ਇਸ ਵਿੱਚ ਵਡੱਪਣ ਤੇ ਦ੍ਰਿੜਤਾ ਸਮਾਈ ਹੋਈ ਹੈ। ਪ੍ਰਭੂ ਦੀ ਰਜ਼ਾ ਸੀ ਕਿ ਸਾਰੇ ਉੱਚੀ ਕੁਲ ਦੇ ਨਾ ਹੋਣ। ਇਉਂ ਹੀ ਹੋਇਆ, ਕੋਈ ਖੱਤਰੀ, ਕੋਈ ਜੱਟ, ਕੋਈ ਛੀਂਬਾ ਕੋਈ ਨਾਈ ਤੇ ਕੋਈ ਝੀਵਰ ਸੀ।

ਅਕਾਲ ਪੁਰਖ ਦਾ ਰਜਾ ਸੀ ਜਾਂ ਕ੍ਰਿਸ਼ਮਾ ਕਿ ਪੰਜਾਂ ਪਿਆਰਿਆਂ ਦਾ ਸੰਬੰਧ ਕਿਸੇ ਖਾਸ ਪ੍ਰਦੇਸ਼ ਨਾਲ ਨਹੀਂ ਸੀ, ਇਹ ਕ੍ਰਮਵਾਰ ਲਾਹੌਰ, ਹਸਤਨਾਪੁਰ, ਦੁਆਰਕਾ, ਬਿਦਰ ਤੇ ਜਗਨਨਾਥ ਦੇ ਵਾਸੀ ਸਨ ਤੇ ਇਕੋ ਭਾਰਤ ਮਾਤਾ ਦੀ ਤਾਰ ਦੇ ਰੰਗ ਬਰੰਗੇ ਮਣਕੇ ਸਨ।

ਪੰਜੇ ਸਿਰਲੱਥ ਸੂਰਿਆਂ ਨੇ ਆਤਮ ਸਮਰਪਣ ਕਰਕੇ ਗੁਰਦੇਵ ਦੀ ਅਥਾਹ ਪ੍ਰਸੰਨਤਾ ਪ੍ਰਾਪਤ ਕੀਤੀ। ਇਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਗੁਰੂ-ਚੇਲੇ ਦਾ ਭੇਦ ਮਿਟਾ ਕੇ ਆਪ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਮੰਗੀ ਅਤੇ ਪ੍ਰਾਪਤ ਕੀਤੀ। ਜਿਹੜਾ ਤਾਣ ਤੇ ਮਾਣ ਸਤਿਕਾਰ ਭਰਿਆ ਰੁਤਬਾ ਪੰਜਾਂ ਨੂੰ ਬਖਸ਼ਿਆ, ਉਸ ਦੀ ਉਦਾਹਰਣ ਵਿਸ਼ਵ ਵਿਚ ਲੱਭਣੀ ਬਹੁਤ ਕਠਨ ਹੈ। ਪੰਜਾਂ ਪਿਆਰਿਆਂ ਦੇ ਖਿਤਾਬ ਵਿਚ ਅਨੋਖੀ ਨਵੀਨਤਾ ਸੀ। ਇਹ ਸੀ 'ਪੰਜਾਂ ਪਿਆਰਿਆ ਦੀ ਇਕਾਈ ਕਾਇਮ ਕਰਨੀ। ਗੁਰਦੇਵ ਜੀ ਨੇ ਇਕੱਲੇ-ਇੱਕਲੇ ਪਿਆਰੇ ਵਿਚ ਨਹੀਂ ਬਲਕਿ ਸਮੁੱਚੇ ਪੰਜਾਂ ਵਿਚ ਆਪਣਾ ਤੇਜ, ਪ੍ਰਤਾਪ, ਸੱਤਾ, ਰਹਿਮਤ, ਭਰਕੇ ਇਨ੍ਹਾਂ ਦੀ ਏਕਤਾ, ਅਨੇਕਤਾ ਵਿਚ ਬਦਲ ਦਿੱਤੀ।

ਇਸ ਦੇ ਉਪਰੰਤ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਸੈਨਾ ਸਾਧ ਸਮੂਹ ਵਿਚ ਸ਼ਾਮਲ ਕੀਤਾ। ਇੱਕ

***(ਬਾਕੀ ਪੰਨਾ 22 'ਤੇ)***

# ਦਸਮੇਸ਼ ਜੀ ਦੇ ਸਾਂਗੋ ਪਾਂਗ ਦਰਸ਼ਨ

*(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

ਤੇਰੇ ਦੰਤ ਰਸਾਲਾ ਲੰਬੜੇ ਬਾਲਾ, ਗਾਲ੍ਹ ਭਾਲ ਲਬ ਤੇਰੇ ਲਾਲਾ ਜੀ।
ਤੇਰੇ ਲਾਲ ਲਬਾਲਾ, ਲਾਲ ਦੋ ਗਾਲ੍ਹਾ, ਲਾਲ ਤੇਰਾ ਹੈ ਭਾਲਾ ਜੀ।
ਤੇਰਾ ਮਸਤਕ ਭਾਲ ਲਾਲ ਸੁੰਦਰਾਲਾ, ਮੁਖੜਾ ਲਾਲ ਗੁਲਾਲਾ ਜੀ।
ਤੇਰੇ ਲਾਲ ਮੁਖਾਲ ਦੁਆਲੇ ਸੋਹੇ, ਕਾਲ ਨਾਗ ਜ਼ੁਲਫ਼ਾਲਾ ਜੀ।
ਤੇਰੇ ਜ਼ੁਲਫ ਨਾਗ ਦੁਇ ਕਾਲੇ ਦੋ, ਵਿਚਕਾਲੇ ਮੁਖ ਸੁਰਖ਼ਾਲਾ ਜੀ।
ਤੇਰੇ ਸੁਰਖ਼ ਰੰਗ ਰੁਖ਼ਸਾਰ ਵਿਚਾਲੇ, ਖ਼ਾਲ ਫਬੇ ਮੁਸ਼ਕਾਲਾ ਜੀ।
ਤੇਰੇ ਮੁਸ਼ਕੀ ਕਾਲੇ ਖ਼ਾਲ ਦੁਆਲੇ, ਖਿੜਿਆ ਬਾਗ ਫੁਲਾਲਾ ਜੀ।
ਤੇਰੇ ਫੁਲ ਗੁਲਾਬੀ ਚੇਹਰੇ ਦੇ, ਚੌਫੇਰੇ ਘਨਾ-ਘਟਾਲਾ ਜੀ।
ਇਸ ਘਨ ਘਟ ਸਿਆਮ ਵਿਚਾਲੇ, ਲਿਸ਼ਕੇ ਬੀਜਲ ਚੰਦ ਮੁਖਾਲਾ ਜੀ।
ਇਸ ਬੀਜਲ ਚੰਦ ਚਰਾਗ ਮੁਖੇ ਤੇ ਚੜ੍ਹਿਆ ਚੰਦ ਨਿਰਾਲਾ ਜੀ।
ਚੰਦ ਚਾਰ ਲਗੇ ਇਸ ਚੰਦ-ਮੁਖਾਰ ਨੂੰ, ਦਾਮਨ ਦੰਤ ਰਸਾਲਾ ਜੀ।
ਇਹ ਦਮਕੇ ਦਾਮਨ ਦੰਤ ਜਦੋਂ, ਭਇਆ ਚਾਰ ਚੁਫੇਰ ਉਜਾਲਾ ਜੀ।
ਇਹ ਦਾਮਨ ਦੰਤ ਉਜਾਲਾ ਹੈ ਕਿ, ਚੜ੍ਹਿਆ ਭਾਨ ਨਿਰਾਲਾ ਜੀ।
ਇਸ ਭਾਨ ਠਰੂਰ ਠਰਾਲੇ ਸੌਂਹੇਂ, ਇਸ ਕੀ ਸੂਰਜ ਚੰਦਰਾਲਾ ਜੀ।
ਇਹ ਸੂਰ ਚੰਦ ਸਭ ਮੰਦ ਪਏ, ਮੁਖ ਬਿੰਦ ਝਲਕ ਦਿਖਰਾਲਾ ਜੀ।
ਇਹ ਝਲਕ ਫਲਕ ਤੇ ਪਸਰ ਗਈ, ਬਣ ਕ੍ਰਿਸ਼ਮ ਜੋਤਿ ਕਿਰਨਾਲਾ ਜੀ।
ਇਸ ਕਿਰਨ-ਜੋਤਿ ਦੀ ਕ੍ਰਿਸ਼ਮ-ਕਣੀ ਤੋਂ, ਮਣੀ ਲਾਲ ਇਕ ਢਾਲਾ ਜੀ।
ਇਸ ਮਣੀ ਲਾਲ ਦੀ ਢਾਲ ਦਲੀ ਵਿਚ, ਖ਼ਾਸ ਸਚੀ ਟਕਸਾਲਾ ਜੀ।
ਢਾਲਿ ਖਾਸ ਸਚੀ ਟਕਸਾਲੋਂ ਹੈ, ਇਕ ਖ਼ਾਸ ਨੂਰ ਡਲ੍ਹਕਾਲਾ ਜੀ।
ਇਸ ਡਲਕ ਝਲਕ ਨੂੰ ਖ਼ਲਕ ਦੇਖ ਕੇ ਦੰਗ ਹੋਈ ਬਿਸਮਾਲਾ ਜੀ।
ਇਹ ਜੋਤਿ-ਨੂਰ ਦਾ ਬੁੱਕਾ ਡਲ੍ਹਕੇ, ਕਿ ਝਲਕੇ ਮੁਖ ਨੂਰਾਲਾ ਜੀ।
ਇਸ ਨੂਰ ਨੁਰਾਲੇ ਮੁਖ ਸਿਖਰਾਲੇ ਸੀਸ ਨੂਰ ਕੇਸਾਲਾ ਜੀ।
ਇਸ ਨੂਰੀ ਕੇਸਾਂ ਵਾਲੇ ਸੀਸ ਦੁਆਲੇ ਨੂਰ ਦੁਮਾਲਾ ਜੀ।
ਇਸ ਜੋਤਿ ਜਲਾਲੇ ਦਮਕ ਦਮਾਲੇ ਦੁਆਲੇ ਨੂਰ ਨਿਰਾਲਾ ਜੀ।
ਹੈ ਜੋਤਿ ਦਾਮਨੀ ਚਕਰ ਸੁਦਰਸ਼ਨ, ਮਣੀ ਜੋਤਿ ਜੜਤਾਲਾ ਜੀ।
ਮਣਿ ਜੋਤਿ ਜੜਾਲੇ ਚਕ੍ਰ ਨਾਲੇ, ਜਗਮਗ ਜੋਤਿ ਜਿਗਾਲਾ ਜੀ।
ਇਸ ਜਗਾ ਜਗਮਗੀ ਜੋਤਿ ਜਮਾਲੇ ਜਗੇ ਨਵੀਨ ਜਲਾਲਾ ਜੀ।
ਇਸ ਨਵ-ਜਲਾਲ ਦੀ ਲਿਸ਼ਕ-ਲਹਿਰ ਦਾ ਅਰਸ਼ਾਂ ਤੋੜ ਉਜਾਲਾ ਜੀ।
ਜਦ ਨੀਝ ਲਾਇ ਦੇਖਾਂ ਤਾਂ ਹੈ ਇਹ ਕਲਗੀ ਦਾ ਝਲਕਾਲਾ ਜੀ। ........
ਇਕ ਬੁੱਕਾ ਨੂਰ ਜ਼ਰੂਰੀ ਹੈ, ਮੇਰਾ ਸਤਿਗੁਰੂ ਕਲਗੀਆਂ ਵਾਲਾ ਜੀ।

# ਦੁਸ਼ਟ-ਦਮਨ ਗੁਰੂ ਗੋਬਿੰਦ ਸਿੰਘ ਜੀ

*[ਬੀਬੀ ਸਰਬਜੋਤ ਕੌਰ ਜੀ]*

ਜਦੋਂ ਬੇੜੀ ਭਵ-ਸਾਗਰ ਦੇ ਅਰੁੱਕ ਤੂਫਾਨਾਂ ਵਿਚ ਘਿਰੀ ਡੱਕ-ਡੋਲੇ ਖਾ ਰਹੀ ਹੋਵੇ ਤਾਂ ਲੋੜ ਹੁੰਦੀ ਹੈ ਕਿਸੇ ਬੂਝਵਾਨ ਤੋਂ ਬੇਗਰਜ਼ ਮਲਾਹ ਦੀ, ਜੋ ਬੇੜੀ ਨੂੰ ਸਾਵਾਂ ਰਖ ਕੇ ਤੂਫਾਨਾਂ ਨੂੰ ਚੀਰਦਾ ਹੋਇਆ ਕਿਨਾਰੇ ਜਾ ਪਹੁੰਚੇ। ਇਕ ਸਮਾਂ ਸੀ ਜਦੋਂ ਭਾਰਤਵਾਸੀ ਕਾਇਰਤਾ, ਪ੍ਰਾਧੀਨਤਾ ਤੇ ਬੇਅਣਖੀ ਦੀ ਬੇੜੀ ਵਿਚ ਸਵਾਰ ਹੋ ਕੇ ਜ਼ੁਲਮ ਤੇ ਅਨਿਆਇ ਦੀਆਂ ਘੁੰਮਣ-ਘੇਰੀਆਂ ਵਿਚ ਫਸੇ, ਡੱਕੇ ਡੋਲੇ ਹੀ ਨਹੀਂ ਸਨ ਖਾ ਰਹੇ, ਸਗੋਂ ਜ਼ੁਲਮ ਦੀਆਂ ਅਰੁੱਕ ਲਹਿਰਾਂ ਵਿਚ ਆਪਣੀ ਹੋਂਦ ਨੂੰ ਹੀ ਮਿਟਾਉਂਦੇ ਜਾ ਰਹੇ ਸਨ। ਅਜਿਹੇ ਸਮੇਂ ਅਕਾਲ ਪੁਰਖ ਨੇ ਗੁਰੂ ਨਾਨਕ ਦੇ ਰੂਪ ਵਿਚ ਆਪਣਾ ਸਰੂਪ ਇਸ ਧਰਤੀ ਤੇ ਭੇਜਿਆ, ਜਿਸ ਨੇ ਦਸਵੇਂ ਜਾਮੇ ਵਿਚ ਅਕਾਲ ਪੁਰਖ ਦੀ ਆਗਿਆ ਦਾ ਪਾਲਣ ਕਰਦਿਆਂ ਹੋਇਆਂ ਆਪਣਾ ਜੀਵਨ-ਆਦਰਸ਼ ਸੰਤ ਉਬਾਰਨ ਤੇ ਦੁਸ਼ਟ ਸੰਘਾਰਨ ਦਾ ਬਣਾਇਆ -

*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥*
*ਦੁਸ਼ਟ ਦੋਖੀਅਨਿ ਪਕਰਿ ਪਛਾਰੋ॥੪੨॥*
*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨ ਮੰ॥*
*ਧਰਮ ਚਲਾਵਨ ਸੰਤ ਉਬਾਰਨ॥*
*ਦੁਸ਼ਟ ਸਭਨ ਕੋ ਮੂਲ ਉਪਾਰਨ॥੪੩*

*ਬਚਿਤ੍ਰ ਨਾਟਕ, ਅਧਿ: ੬*

ਦੁਸ਼ਟਾਂ ਦਾ ਸੰਘਾਰ ਕਰਨ ਵਾਸਤੇ ਹੀ ਆਪ ਨੇ ਖੰਡੇ ਦੀ ਤਿੱਖੀ ਧਾਰ ਵਿਚੋਂ ਖਾਲਸੇ ਨੂੰ ਜਨਮ ਦੇ ਕੇ 'ਪੰਥ ਪ੍ਰਚੁਰ ਕਰਬੇ ਕਉ ਸਾਜਾ' ਦੇ ਹੁਕਮ ਦੀ ਪਾਲਨਾ ਕਰ ਵਿਖਾਈ ਅਤੇ ਆਪਣਾ ਆਪ ਖਾਲਸੇ ਵਿਚ ਅਭੇਦ ਕਰ ਕੇ ਆਪਣਾ ਸਾਰਾ ਤੇਜ ਨਿਆਰੇ ਖਾਲਸੇ ਨੂੰ ਪ੍ਰਦਾਨ ਕਰਦਿਆਂ ਹੋਇਆਂ, ਇਕ ਅਦੁੱਤੀ ਦੁਸ਼ਟ-ਦਮਨ-ਫ਼ੌਜ ਦੇ ਦੁਸ਼ਟ-ਦਮਨ ਆਗੂ ਬਣੇ। ਬਾਲ ਅਵਸਥਾ ਤੋਂ ਹੀ ਆਪ ਨੂੰ ਦੁਸ਼ਟਾਂ ਦਾ ਟਾਕਰਾ ਕਰਨਾ ਪਿਆ। ਕੇਵਲ ਨੌਂ ਸਾਲ ਦੀ ਆਯੂ ਵਿਚ ਹੀ ਆਪ ਨੂੰ ਆਪਣਾ ਪਿਤਾ ਹਤਿਆਰੇ ਔਰੰਗਜ਼ੇਬ ਦੇ ਪੱਥਰ-ਹਿਰਦੇ ਨੂੰ ਪਿਘਲਾਉਣ ਲਈ ਸ਼ਹੀਦ ਕਰਵਾਉਣਾ ਪਿਆ। ਯੁਵਾ ਅਵਸਥਾ ਵਿਚ ਦੁਸ਼ਟਾਂ ਦਾ ਟਾਕਰਾ ਕਰਦਿਆਂ ਹੋਇਆਂ ਆਪ ਨੂੰ ਆਪਣੇ ਜਿਗਰ ਦੇ ਟੋਟੇ ਕੁਰਬਾਨ ਕਰਨੇ ਪਏ। ਪਰ ਅਜਿਹਾ ਕਰ ਕੇ ਵੀ ਅਕਾਲ-ਪੁਰਖ ਦਾ ਸ਼ੁਕਰਾਨਾ ਕੀਤਾ, ਜਿਸ ਨੂੰ ਇਕ ਸ਼ਾਇਰ ਇਉਂ ਬਿਆਨ ਕਰਦਾ ਹੈ।

*ਐ ਅਕਾਲ ਪੁਰਖ ਆਜ ਤੇਰੀ ਅਮਾਨਤ ਮੁਝ ਸੇ ਅਦਾ ਹੂਈ।*
*ਬੱਚੋਂ ਕੀ ਜਾਨ ਕੌਮ ਕੀ ਖ਼ਾਤਰ ਫ਼ਿਦਾ ਹੂਈ।*

ਦੁਸ਼ਟਾਂ ਨਾਲ ਲੋਹਾ ਲੈਂਦਿਆਂ ਹੋਇਆਂ ਆਪ ਨੂੰ ਆਨੰਦਪੁਰ ਦੇ ਕਿਲ੍ਹੇ ਨੂੰ ਛੱਡ ਕੇ, ਸੰਗੀਆਂ ਸਾਥੀਆਂ ਤੋਂ ਵਿਛੜ ਕੇ, ਮਾਛੀਵਾੜੇ ਦੇ ਜੰਗਲਾਂ ਵਿਚ ਇੱਕਲੇ ਫਿਰਨਾ ਪਿਆ। ਸ਼ਾਹੀ ਫੌਜਾਂ ਮਗਰ ਲੱਗੀਆਂ ਹੋਈਆਂ ਸਨ। ਕਈ ਦਿਨਾਂ ਤੋਂ ਕੁਝ ਛਕਿਆ ਨਹੀਂ ਸੀ। ਪਲ ਭਰ ਲਈ ਆਰਾਮ ਨਹੀਂ ਸੀ ਕੀਤਾ। ਕੰਡਿਆਂ ਤੇ ਰੋੜਿਆਂ ਤੇ ਚੱਲ-ਚੱਲ ਕੇ ਪੈਰੀਂ ਛਾਲੇ ਪੈ ਗਏ ਸਨ। ਭਰ ਸਿਆਲੇ ਦੀ ਕੱਕਰ ਵਾਲੀ ਰਾਤ ਸੀ। ਉਸ ਸਮੇਂ ਵੀ ਅਸਮਾਨ ਦੀ ਛੱਤ ਹੇਠਾਂ ਬੈਠ ਕੇ ਪ੍ਰਭੂ ਪਿਤਾ ਦੀ ਰਜ਼ਾ ਵਿਚ ਚੜ੍ਹਦੀਆਂ ਕਲਾਂ ਵਿਚ ਰਹਿੰਦਿਆਂ ਇਉਂ ਗਾਵਿਆ -

*ਯਾਰੜੇ ਦਾ ਸਾਨੂੰ ਸੱਥਰੁ ਚੰਗਾ,*
*ਭੱਠ ਖੇੜਿਆਂ ਦਾ ਰਹਿਣਾ।੧॥ ਸ਼ਬਦ ਹਜਾਰੇ ਪਾ: ੧੦*

ਸੱਥਰ ਨੂੰ ਪਿਆਰਨ ਵਾਲੇ ਦਸਮੇਸ਼ ਪਿਤਾ ਨੇ ਔਰੰਗਜ਼ੇਬ ਦੀ ਫ਼ੌਲਾਦੀ ਸ਼ਕਤੀ ਨਾਲ ਟੱਕਰ ਲਈ। ਜ਼ੁਲਮ ਅਤੇ ਗੁਲਾਮੀ ਤੋਂ ਛੁਟਕਾਰਾ ਕਰਾਉਣ ਲਈ ਭਾਰਤ-ਵਾਸੀਆਂ ਵਿਚ ਕੌਮੀਅਤ ਦਾ ਵਲਵਲਾ ਪੈਦਾ ਕੀਤਾ। ਅਜਿਹਾ ਕਰਨ ਲਈ ਆਪ ਨੂੰ ਤਲਵਾਰ ਫੜਨੀ ਪਈ, ਕਿਉਂਕਿ ਬਾਕੀ ਸਾਰੇ ਹੀਲੇ ਖ਼ਤਮ ਹੋ ਚੁੱਕੇ ਸਨ

*ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥*
*ਹਲਾਲ ਅਸਤ ਬੁਰਦਨ ਬ ਸ਼ਸਸ਼ੀਰ ਦਸਤ॥*

ਭਗਤੀ ਲਹਿਰ ਦੇ ਨਾਲ ਹੀ ਬੀਰ ਰਸੀ ਲਹਿਰ ਵੀ ਆਪ ਨੂੰ ਚਲਾਉਣੀ ਪਈ। ਪਰ ਉਹੋ ਤਲਵਾਰ ਜੋ ਔਰੰਗਜ਼ੇਬ ਦੇ ਜ਼ਾਲਮ ਹੱਥਾਂ ਵਿਚ ਹੋਣ ਕਰਕੇ ਬਦਨਾਮ ਹੋ ਚੁੱਕੀ ਸੀ, ਗੁਰੂ ਗੋਬਿੰਦ ਸਿੰਘ ਵਰਗੇ ਜੋਧੇ ਦੇ ਹੱਥਾਂ ਵਿਚ ਆ ਕੇ ਤੇਜ਼ ਨਸ਼ਤਰ ਦਾ ਕੰਮ ਕਰ ਗਈ। ਗ਼ੁਲਾਮੀ ਦਾ ਫੋੜਾ ਗੰਦਗੀ ਨਾਲ ਭਰ ਚੁਕਿਆ ਸੀ। ਗੁਰੂ ਸਾਹਿਬ ਦੀ ਤਲਵਾਰ ਦੇ ਇਕ ਚੀਰੇ ਨਾਲ ਜ਼ੁਲਮ ਦੇ ਫੋੜੇ ਦੀ ਪਾਕ ਵਗਣੀ ਸ਼ੁਰੂ ਹੋ ਗਈ ਅਤੇ ਭਾਰਤ ਦੀ ਕੁਰਲਾਂਦੀ ਆਤਮਾ ਨੂੰ ਠੰਢਕ ਮਿਲਣ ਲਗ ਪਈ। ਜ਼ੁਲਮੀ ਤਲਵਾਰ ਦੀ ਤਪਸ਼ ਨਾਲ ਕੁਰਲਾ ਰਹੇ ਭਾਰਤ ਨੂੰ ਦਸਮੇਸ਼ ਦੀ ਤਲਵਾਰ ਨੇ ਛਾਂ ਕੀਤੀ। ਦਸਮੇਸ਼ ਜੀ ਦੀ ਤਲਵਾਰ ਜਿਥੇ ਜ਼ਾਲਮਾਂ ਦੇ ਜ਼ੁਲਮ ਦਾ ਨਾਸ਼ ਕਰਨ ਲਈ ਭਿਆਨਕ ਚੰਡੀ ਦੀ ਸ਼ਕਤੀ ਸੀ, ਉਥੇ ਗਰੀਬਾਂ, ਅਨਾਥਾਂ, ਗੁਲਾਮਾਂ ਤੇ ਮਜ਼ਲੂਮਾਂ ਲਈ ਉਹ ਤਲਵਾਰ ਢਾਲ ਦਾ ਕੰਮ ਕਰਦੀ ਸੀ। ਪਹਿਲੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਆਪ ਦੇ ਸਾਹਮਣੇ ਸਨ। ਭਾਰਤ ਦੀ ਜਨਤਾ ਤੇ ਜੋ ਜ਼ੁਲਮ ਢਾਹੇ ਜਾ ਰਹੇ ਸਨ, ਉਹਨਾਂ ਨੂੰ ਆਪ ਅੱਖੀਂ ਵੇਖ ਰਹੇ ਸਨ। ਆਪ ਦਾ ਉਦੇਸ਼ ਸੀ ਕਿ ਜਨਤਾ ਨੂੰ ਸ੍ਵੈ-ਭਰੋਸੇ ਵਾਲਾ ਜੀਵਨ ਜੀਉਣ ਦੀ ਜਾਚ ਸਿਖਾਈ ਜਾਵੇ। ਜਨਤਾ ਵਿਚ ਅਜਿਹੀ ਸ਼ਕਤੀ ਭਰੀ ਜਾਵੇ ਕਿ ਉਸ ਨੂੰ ਕਿਸੇ ਦੁਨਿਆਵੀ ਸ਼ਹਿਨਸ਼ਾਹ ਦੀ ਸ਼ਰਨ ਲੈਣ ਦੀ ਲੋੜ ਨਾ ਪਵੇ ਅਤੇ ਨਾ ਹੀ ਬੇਅਣਖੇ ਹੋ ਕੇ ਜੀਵਨ ਜੀਉਣਾ ਪਵੇ । ਆਪ ਸਭਨਾਂ ਨੂੰ ਇਹ ਦ੍ਰਿੜ੍ਹ ਕਰਾਉਣਾ ਚਾਹੁੰਦੇ ਸਨ-

***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥੧॥੧●॥ ਅੰਗ - ੧੪੨***

ਇਸੇ ਮਹਾਨ ਆਦਰਸ਼ ਦੀ ਪੂਰਤੀ ਲਈ ਹੀ ਆਪ ਨੇ ਪੰਜ ਸਿਰਾਂ ਦੀ ਮੰਗ ਕੀਤੀ। ਫਿਰ ਇਨਸਾਨੀ ਸ਼ਰੀਰ ਵਿਚੋਂ ਦਲਿਦਰਤਾ, ਹੀਣਤਾ ਤੋਂ ਮੁਰਦਾ ਹੋਈ ਆਦਮੀਅਤ ਦਾ ਸਿਰ ਕੱਟ ਕੇ ਉਸ ਦੀ ਥਾਂ ਬੀਰਤਾ, ਸ੍ਵੈ-ਮਾਣਤਾ ਅਤੇ ਸਰਦਾਰੀ ਦਾ ਛਤਰ ਧਰ ਦਿਤਾ। ਭਾਈਚਾਰਕ ਅਤੇ ਧਾਰਮਿਕ ਜ਼ੰਜੀਰਾਂ, ਜੋ ਲੋਕਾਂ ਨੂੰ ਜਕੜੀ ਬੈਠੀਆਂ ਸਨ, ਤੋੜ ਕੇ ਇਕ ਨਵੀਂ ਰੂਹ ਨਵੇਂ ਰੂਪ ਵਿਚ ਭਰੀ। ਅਤੇ ਇਹ ਖਾਲਸ ਰੂਪ ਹਰ ਜ਼ੁਲਮ, ਹਰ ਅਤਿਆਚਾਰ ਦਾ ਸਨਮੁਖ ਹੋ ਕੇ ਟਾਕਰਾ ਕਰਨ ਦੇ ਯੋਗ ਬਣਿਆ। ਖਾਲਸੇ ਦੇ ਇਸ ਖਾਲਸ ਰੂਪ ਨੂੰ ਦੇਖਦੇ ਹੋਏ ਹੀ ਆਪ ਨੇ ਪੂਰਨ ਵਿਸ਼ਵਾਸ ਨਾਲ ਔਰੰਗਜ਼ੇਬ ਨੂੰ ਸੰਬੋਧਨ ਕਰਕੇ ਜ਼ਫ਼ਰਨਾਮੇ ਵਿਚ ਆਖਿਆ -

***ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਾ ਚਾਰ॥***
***ਕਿ ਬਾਕੀ ਬਮਾਂਦਸਤ ਪੇਚੀਦਾ ਮਾਰ॥੭੮॥***

ਚਾਰ ਬੱਚਿਆਂ ਨੂੰ ਮਾਰ ਲਿਆ ਤਾਂ ਕੀ ਹੋਇਆ, ਵਲਦਾਰ ਕੁੰਡਲੀਆ ਸੱਪ (ਖਾਲਸਾ) ਤਾਂ ਬਾਕੀ ਹੈ।

ਆਪ ਨੇ ਆਪਣੇ ਲਹੂ ਅਤੇ ਹੱਡੀਆਂ ਦੀ ਖਾਦ ਪਾ ਕੇ ਕੌਮੀਅਤ ਦਾ ਉਹ ਰੁੱਖ ਲਾਇਆ ਜੋ ਸਮੇਂ ਸਿਰ ਆਪਣਾ ਫਲ ਲਿਆਇਆ। ਕਿਥੇ ਬਾਬਰ ਦਾ ਜ਼ਮਾਨਾ, ਜਦੋਂ ਲੋਕ ਬਾਬਰ ਦੇ ਜ਼ੁਲਮਾਂ ਨੂੰ ਰੱਬੀ ਕਰੋਪੀ ਸਮਝ ਕੇ ਸਹਿ ਰਹੇ ਸਨ ਤੇ ਕਿਥੇ ਔਰੰਗਜ਼ੇਬ ਦਾ ਜ਼ਮਾਨਾ, ਜਿਸ ਵਿਚ ਵੰਗਾਂ ਪਾ ਕੇ ਬੈਠਣ ਵਾਲੀਆਂ, ਮਾਈ ਭਾਗੋ ਵਰਗੀਆਂ ਹੱਥੀਂ ਤਲਵਾਰ ਫੜ ਜ਼ਾਲਮਾਂ ਦਾ ਨਾਸ ਕਰ ਰਹੀਆਂ ਸਨ। ਇਹ ਦੇਖ ਕੇ ਗੁਰੂ ਸਾਹਿਬ ਨੂੰ ਤਸੱਲੀ ਹੋ ਗਈ ਕਿ ਜਿਸ ਮਿਸ਼ਨ ਨੂੰ ਲੈ ਕੇ ਗੁਰੂ ਨਾਨਕ ਸਾਹਿਬ ਆਏ ਸਨ ਅਤੇ 'ਸੰਤ ਉਬਾਰਨ ਦੁਸ਼ਟ ਸੰਘਾਰਨ' ਦਾ ਜੋ ਕੰਮ ਸੌਂਪ ਕੇ ਅਕਾਲ ਪੁਰਖ ਨੇ ਆਪ ਨੂੰ ਭੇਜਿਆ ਸੀ, ਉਹ ਪੂਰਾ ਹੋ ਗਿਆ ਹੈ। ਇਹ ਦੇਖ ਕੇ ਹੀ ਭਾਈ ਨੰਦ ਲਾਲ ਜੀ ਲਿਖਦੇ ਹਨ- ਨਾ ਦਵਾਰ ਦੀ ਚੜਨ -

***ਕਾਦਿਰੇ ਹਰ ਕਾਰ ਗੁਰੂ ਗੋਬਿੰਦ ਸਿੰਘ॥***
***ਬੇ-ਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ॥***

***(ਪੰਨਾ 19 ਦੀ ਬਾਕੀ)***

ਕਾਮਲ ਮਨੋਵਿਗਿਆਨੀ ਦੇ ਤੌਰ ਤੇ ਮੁਰਦਾ ਰੂਹਾਂ ਵਿਚ ਨਵੀਂ ਜਾਨ ਪਾਈ। ਗਿੱਦੜ ਬਿਰਤੀ ਵਾਲੇ, ਸਿੰਘ ਬਣ ਗਏ। ਇਹ ਨਾਮ ਦੇ ਨਾਲ ਸਿੰਘ ਸ਼ਬਦ ਲਾਉਣ ਦਾ ਕਮਾਲ ਸੀ। ਇਹ ਸਾਧਾਰਨ ਰਸਮ ਨਹੀਂ ਸੀ, ਇਸ ਵਿਚ ਸ਼ਕਤੀ, ਭਗਤੀ ਤੇ ਅਖੰਡਤਾ ਦੇ ਗੁਣਾਂ ਦਾ ਪ੍ਰਕਾਸ਼ ਕਰਨ ਦਾ ਸਾਰਥਕ ਰਹੱਸ ਸੀ। ਆਪ ਸਹੀ ਅਰਥਾਂ ਵਿਚ ਦੇਸ਼ ਭਗਤ, ਦੇਸ਼ ਦਰਦੀ ਤੇ ਦੇਸ਼-ਹਿਤੈਸ਼ੀ ਸਨ। ਆਪ ਦਾ ਸੰਬੰਧ ਇਕ ਪ੍ਰਦੇਸ਼ ਨਾਲ ਨਹੀਂ ਬਲਕਿ ਭਾਰਤ ਦੇ ਕੋਨੇ ਕੋਨੇ ਨਾਲ ਸੀ। ਪ੍ਰਕਾਸ਼, ਪਟਨਾ (ਬਿਹਾਰ) ਪੂਰਬ ਵਿਚ, ਖਾਲਸੇ ਦੀ ਸਥਾਪਨਾ ਤੇ ਸ਼ਕਤੀ ਦਾ ਕੇਂਦਰ ਸੀ - ਅਨੰਦਪੁਰ ਸਾਹਿਬ ਉੱਤਰ ਵਿਚ, ਵਿਦਿਆ ਦਾ ਕੇਂਦਰ, ਗੁਰੂ ਦੀ ਕਾਂਸੀ, ਪੱਛਮ ਵਿਚ ਤੇ ਜੋਤੀ ਜੋਤ ਸਮਾਉਣ ਦਾ ਅਸਥਾਨ, ਸਚਖੰਡ ਨਾਂਦੇੜ ਦੱਖਣ ਵਿਚ ਹੋਣਾ, ਅਕਾਲ ਪੁਰਖ ਦੀ ਆਪਣੀ ਇੱਛਿਆ ਦਾ ਪ੍ਰਗਟਾਵਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਜਾਂ ਨਸ਼ੀਨ ਮੁਕਰੱਰ ਕਰਕੇ ਪੰਜਾਂ ਪਿਆਰਿਆ ਵਿਚ ਆਪਣੀ ਕਲਾ ਤੇ ਸ਼ਕਤੀ ਵਰਤਾਈ, ਇਉਂ ਕਲਗੀਧਰ ਪਿਤਾ ਨੇ ਗੁਰ ਸਿੱਖਾਂ ਨੂੰ ਗੁਰੂਡਮ ਦੀ ਪਰੰਪਰਾ ਦੇ ਚੱਕਰ ਤੋਂ ਅਛੋਹ ਰੱਖਿਆ ਤੇ ਪੰਥ ਨੂੰ ਬਿਖਰਨ ਤੋਂ ਬਚਾਇਆ ਹੈ। ਗੁਰ ਸਿੱਖ ਨੂੰ ਪੂਰਨ ਵਿਸ਼ਵਾਸ ਹੈ ਕਿ ਪੰਥ ਸਾਹਮਣੇ ਜਦ ਵੀ ਭਵਿੱਖ ਵਿਚ, ਔਕੜਾਂ ਮੁਸੀਬਤਾਂ ਦਾ ਸਮਾਂ ਆਵੇਗਾ ਤਾਂ ਉਹ ਇਨ੍ਹਾਂ ਵਿਚੋਂ ਪ੍ਰੀਖਿਆ ਦੀ ਕੁਠਾਲੀ ਵਿਚ ਪਏ ਕੁੰਦਨ ਵਾਂਗ ਹੋਰ ਚਮਕ ਦਮਕ ਨਾਲ ਬਾਹਰ ਨਿਕਲੇਗਾ।

# ਧੰਨ ਗੁਰੂ ਗੋਬਿੰਦ ਸਿੰਘ ਜੀ

*[ਭਾਈ ਗੁਰਦੇਵ ਸਿੰਘ 'ਗੋਹਰ']*

ਬਾਸ਼ਕ ਨਾਗ ਜਦਹਿੰਦ ਨੂੰ ਖਾਨ ਲੱਗੇ, ਮੂੰਹ ਖੁੱਲ੍ਹ ਗੇ ਜ਼ਿਹਰੀ ਪਟਾਰੀਆਂ ਦੇ
ਗੁੱਡੀ ਮੋਮ ਦੀ ਹਿੰਦ ਨੂੰ ਸਮਝ ਲੁਟਦੇ, ਦਿਲ ਡਰੇ ਨ ਕਦੀ ਕੰਧਾਰੀਆਂ ਦੇ।
ਸਜ ਬਿਆਹੀਆਂ ਦੇ ਡੋਲੇ ਗਏ ਖੋਹੇ, ਚੂੜ੍ਹੇ ਭੰਨ ਤੇ ਜਦੋਂ ਬਿਚਾਰੀਆਂ ਦੇ।
ਬਹੂ ਬੇਟੀਆਂ ਦੀ ਇਜ਼ਤ ਰੁਲੀ ਮਿੱਟੀ, ਸਤ ਰਹੇ ਨ ਕਾਇਮ ਕੁਆਰੀਆਂ ਦੇ।

ਟਕੇ ਟਕੇ ਨੂੰ ਕੰਨਿਆਂ ਬੇਚ ਦਿੰਦੇ ਕਰਤਬ ਇਹ ਸਨ ਮੁਗ਼ਲ ਬਿਓਪਾਰੀਆਂ ਦੇ।
ਧਰਮ ਬਚਾਉਣ ਨੂੰ ਉਦੋਂ ਤਲਵਾਰ ਚੁੱਕੀ, ਲੀੜੇ ਲਾਹ ਕੇ ਪਿਤਾ ਪੁਜਾਰੀਆਂ ਦੇ।

ਰਾਮ ਨਾਮ ਤੇ ਨਮਸਤੇ ਖਤਮ ਹੋਈ, ਰਹੀ ਹਿੰਦ ਦੇ ਵਿੱਚ ਸਲਾਮ ਇਕੋ।
ਵੇਦ ਗੀਤਾ, ਰਾਮਾਇਣ ਨ ਪੜੇ ਕੋਈ, ਅਲ੍ਹਾ ਹੂ ਦੀ ਰਹੀ ਕਲਾਮ ਇਕੋ।
ਹਿੰਦੂ ਮਜ਼੍ਹਬ ਦੀਆਂ ਜੜ੍ਹਾਂ ਤੇ ਧਰੀ ਆਰੀ, ਸਾਂਝਾ ਲੱਗੇ ਬਨਾਉਣ ਇਸਲਾਮ ਇਕੋ।
ਮੁਸਲਿਮ ਬਣੋ ਗੇ, ਤੁਹਾਡੀ ਜਾਨ ਬਚ ਜੁ, ਸੁਨਾਇਆ ਸਭ ਦੇ ਤਾਂਈ ਪੈਗ਼ਾਮ ਇਕੋ।

ਸਾਡੇ ਪੈਰਾਂ ਥੱਲੇ ਬੋਹਰ ਸੁੱਟੇ, ਬੂਟੇ ਪੁੱਟ ਕੇ ਇਨ੍ਹਾਂ ਸੁਪਾਰੀਆਂ ਦੇ।
ਹਾਲਤ ਇਹ ਦੇਖ ਸ਼ਮਸ਼ੀਰ ਚੁੱਕੀ, ਲੀੜੇ ਲਾਹ ਕੇ ਪਿਤਾ ਪੁਜਾਰੀਆਂ ਦੇ।

ਸਵਾ ਮਣ ਨਿਤ ਦੇ ਲਹਿਣ ਜੰਞੂ, ਨਾਲ ਜੰਞੂਆਂ ਫਾਂਸੀ ਚੜ੍ਹਾਉਣ ਲੱਗੇ।
ਬੁਰੀ ਹਾਲਤ ਕੀਤੀ ਸ਼ਿਵਾਲਿਆ ਦੀ, ਜਾ ਜਾ ਮੰਦਰਾਂ ਤਾਂਈਂ ਢਾਉਣ ਲੱਗੇ।
ਤਿਲਕ ਮਥਿਆਂ ਉਤੋਂ ਸਾਫ ਕੀਤੇ, ਮੁਸਲਮ ਹਿੰਦੂਆਂ ਤਾਂਈ ਬਨਾਉਣ ਲੱਗੇ।
ਫੇਰੇ ਲੈਣ ਦਾ ਵਕਤ ਨ ਆਉਣ ਦਿੰਦੇ, ਕੱਚੀ ਉਮਰ ਨਿਕਾਹ ਪੜਾਉਣ ਲੱਗੇ।

ਖੂਨ ਆਪ ਉਬਾਲੇ ਖਾਣ ਲੱਗਾ, ਕੰਮ ਦੇਖੋ ਇਹ ਜਦੋਂ ਖੁਆਰੀਆਂ ਦੇ।
ਰਖਸ਼ਾ ਦੇਸ਼ ਦੀ ਲਈ ਕਮਾਨ ਚੁੱਕੀ, ਲੀੜੇ ਲਾਹ ਕੇ ਪਿਤਾ ਪੁਜਾਰੀਆਂ ਦੇ।

ਨੌਂ ਸਾਲ ਦੀ ਛੋਟੀ ਉਮਰ ਅੰਦਰ, ਪਿਆਰੇ ਪਿਤਾ ਨੂੰ ਦੇਸ਼ ਤੋਂ ਵਾਰ ਦਿੱਤਾ।
ਦਿਨ ਉਹ ਭੀ ਸਾਨੂੰ ਭੁੱਲਦਾ ਨਹੀਂ, ਮਹਾਂ ਸਿੰਘ ਨੂੰ ਜਦੋਂ ਪਿਆਰ ਦਿੱਤਾ।
ਅੱਜ ਉਤਾਰਨਾ ਓਹ ਹੋਇਆ ਔਖਾ, ਕਰਜ਼ਾ ਸਿਰ ਤੇ ਜਿਹੜਾ ਚਾੜ ਦਿੱਤਾ।
ਕੋਲ ਅਪਣੇ ਕੁੱਝ ਭੀ ਰਖਿਆ ਨਹੀਂ, ਵਾਰ ਸਿਰ ਤੋਂ ਸਾਡੇ ਪਰਿਵਾਰ ਦਿੱਤਾ।

ਤੇਰੇ ਨੀਲੇ ਦੇ ਸੁਮ ਪਏ ਖੜਕਦੇ ਨੇ, ਕਿਸੇ ਔਂਦੇ ਨੇ ਯਾਦ ਉਡਾਰੀਆਂ ਦੇ।
ਢੱਕਾਂ ਛੁਡਾਉਣ ਨੂੰ ਓਦੋਂ ਤੇਗ ਚੁੱਕੀ, ਲੀੜੇ ਲਾਹ ਕੇ ਪਿਤਾ ਪੁਜਾਰੀਆਂ ਦੇ।

***(ਬਾਕੀ ਪੰਨਾ 36 'ਤੇ)***

# ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ

*[ਬੀਬੀ ਸਤਵਿੰਦਰ ਕੌਰ ਜੀ]*

ਅੱਜ ਅਸੀਂ ਜਿਸ ਸ਼ਖਸ਼ੀਅਤ ਦੀ ਗੱਲ ਕਰ ਰਹੇ ਹਾਂ ਉਹ ਕਮਾਲ ਸ਼ਖਸੀਅਤ ਦੀਨ ਦੁਨੀ ਦਾ ਪਾਤਸ਼ਾਹ ਪਾਤਸ਼ਾਹਾਂ ਪਾਤਸ਼ਾਹ ਅਡੋਲਾ ਹੈ। ਉਹ ਅਕਾਲ ਪੁਰਖ ਦਾ ਨਿਵਾਜਿਆ ਹੋਇਆ ਪੁੱਤਰ ਹੈ –

*ਮੈਂ ਆਪਨਾ ਸੁਤ ਤੋਹਿ ਨਿਵਾਜਾ।*

ਉਹ ਐਸੀ ਮਿਕਨਾਤੀਸੀ ਸ਼ਖਸ਼ੀਅਤ ਦਾ ਮਾਲਕ ਇਕੋ ਇਕ ਹਸਤੀ ਹੈ ਜਿਸ ਦੇ ਨਾਲ ਦਾ ਦੂਜਾ ਇਸ ਧਰਤੀ ਤੇ ਪੈਦਾ ਨਹੀਂ ਹੋਇਆ। ਹਿੰਦ ਦੀ ਚਾਦਰ, ਸ਼ਹੀਦ ਪਿਤਾ ਦਾ ਪੁੱਤਰ ਅਤੇ ਸ਼ਹੀਦ ਬੱਚਿਆਂ ਦਾ ਪਿਤਾ ਯਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਇਸ ਹਸਤੀ ਨੇ ੪੨ ਸਾਲ ਦੀ ਛੋਟੀ ਜਿਹੀ ਆਯੂ ਵਿਚ ਉਨ੍ਹਾਂ ਕਾਰਨਾਮਿਆਂ ਨੂੰ ਅੰਜਾਮ ਦਿੱਤਾ ਜਿੰਨ੍ਹਾਂ ਬਾਰੇ ਸੋਚ ਕੇ ਅਕਲ ਦੰਗ ਰਹਿ ਜਾਂਦੀ ਹੈ।

ਉਹ ਪਾਤਸ਼ਾਹਾਂ ਦੇ ਪਾਤਸ਼ਾਹ ਸਨ। ਕਾਮਲ ਫਕੀਰ ਸਨ। ਪਾਤਸ਼ਾਹ ਐਸੇ ਜਿੰਨ੍ਹਾਂ ਇੱਕ ਰੁਪਏ ਦੀ ਵੀ ਨਿਜੀ ਜਾਇਦਾਦ ਨਹੀਂ ਬਣਾਈ। ਬਚਪਨ ਤੋਂ ਹੀ ਤਿਆਗੀ ਸੁਭਾਅ ਦੇ ਸਨ (ਪਕੜ ਤੋਂ ਅਜਾਦ ਸਨ, ਮੋਹ ਦੀ ਪਕੜ, ਮਾਇਆ ਦੀ ਪਕੜ, ਹਉਮੈ ਦੀ ਪਕੜ)। ਬਚਪਨ ਵਿਚ ਜੜਾਊ ਕੰਗਨ ਗੰਗਾ ਵਿਚ ਸੁੱਟ ਦਿੱਤਾ। ਮਾਤਾ ਜੀ ਨੇ ਪੁੱਛਿਆ ਕਿ ਕੰਗਨ ਕਿਥੇ ਹੈ ਤਾਂ ਦੂਜਾ ਕੰਗਨ ਵੀ ਗੰਗਾ ਵਿਚ ਸੁੱਟ ਦਿੱਤਾ ਕਿਹਾ ਕਿ ਮਾਤਾ ਜੀ ਪਹਿਲਾ ਕੰਗਨ ਇਥੇ ਸੁੱਟਿਆ ਹੈ। ਸਿੱਖ ਵਲੋਂ ਭੇਟਾ ਕੀਤੇ ਕੀਮਤੀ ਨਗੀਨੇ ਨੂੰ ਗੋਦਾਵਰੀ ਦੀ ਭੇਟਾ ਕਰ ਦਿੱਤਾ।

ਇਸ ਕਾਮਲ ਸ਼ਖਸੀਅਤ ਨੇ ਆਪਣੀ ੯ ਸਾਲ ਦੀ ਛੋਟੀ ਉਮਰ ਵਿਚ ਜਦੋਂ ਬੱਚੇ ਨੂੰ ਅਜੇ ਪਿਤਾ ਦੀ ਉਂਗਲ ਪਕੜ ਕੇ ਚਲਣਾ ਸਿਖਣ ਦੀ ਉਮਰ ਹੁੰਦੀ ਹੈ, ਕਸ਼ਮੀਰੀ ਪੰਡਤਾਂ ਦੀ ਦਰਦੀਲੀ ਪੁਕਾਰ ਸੁਣ ਕੇ ਮਜ਼ਲੂਮਾਂ ਦੀ ਰੱਖਿਆ ਵਾਸਤੇ ਪਿਤਾ ਨੂੰ ਸ਼ਹੀਦੀ ਦੇਣ ਲਈ ਭੇਜਿਆ। ਫਿਰ ਸਮਾਂ ਆਉਣ ਤੇ ਆਪਣੇ ਜਿਗਰ ਦੇ ਟੁਕੜਿਆ, ਸਾਹਿਬਜ਼ਾਦਿਆਂ ਨੂੰ ਜੰਗ ਦੇ ਮੈਦਾਨ ਵਿਚ ਭੇਜਿਆ। ਸਭ ਕੁਝ ਸਿਖੀ ਦੇ ਮਹਿਲ ਦੀ ਉਸਾਰੀ ਲਈ ਕੁਰਬਾਨ ਕਰ ਦਿੱਤਾ। ਪੁੱਤਰਾਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਅਫ਼ਸੋਸ ਕਰਨ ਦੀ ਥਾਂ ਅਕਾਲਪੁਰਖ ਦਾ ਸ਼ੁਕਰਾਨਾ ਕੀਤਾ। ਅੱਜ ਜਦੋਂ ਵੀ ਕੋਈ ਲਹਿਰ ਚਲਦੀ ਹੈ ਤਾਂ ਲੀਡਰ ਲੋਕ ਆਪ ਅਗੇ ਹੋ ਕੇ ਨਹੀਂ ਲੜਦੇ ਸਗੋਂ ਆਮ ਲੋਕਾਂ ਨੂੰ ਅੱਗੇ ਹੋ ਕੇ ਲੜਨ ਲਈ ਉਤਸ਼ਾਹ ਦਿੰਦੇ ਹਨ ਅਤੇ ਆਪ ਪਿੱਛੇ ਹਟ ਜਾਂਦੇ ਹਨ। ਆਮ ਲੋਕ ਮਰਦੇ ਹਨ ਤੇ ਲੀਡਰ ਚੌਧਰੀ ਬਣ ਜਾਂਦੇ ਹਨ ਪਰ ਗੁਰੂ ਸਾਹਿਬ ਨੇ ਇਹ ਨਹੀਂ ਸੋਚਿਆ ਕਿ ਮੈਂ ਆਪਣੇ ਪੁੱਤਰ ਬਚਾ ਲਵਾਂ ਅਤੇ ਸਿੱਖ ਸ਼ਹੀਦ ਹੋਣ। ਉਨ੍ਹਾਂ ਨੂੰ ਸਿੱਖ, ਪੁੱਤਰਾਂ ਵਰਗੇ ਪਿਆਰੇ ਸਨ। ਪੁੱਤਰਾਂ ਦੀ ਸ਼ਹੀਦੀ ਤੋਂ ਬਾਅਦ ਜਦੋਂ ਮਾਤਾ ਸਾਹਿਬ ਕੌਰ ਗੁਰੂ ਸਾਹਿਬਾਂ ਨੂੰ ਆਪਣੇ ਪੁੱਤਰਾਂ ਦੀ ਖ਼ਬਰ ਪੁੱਛਦੇ ਹਨ ਤਾਂ ਜਵਾਬ ਦਿੰਦੇ ਹਨ –

*ਇਨਿ ਪੁਤਰਨ ਕੇ ਸੀਸ ਪਰ*
*ਵਾਰ ਦੀਏ ਸੁਤ ਚਾਰ*
*ਚਾਰ ਮੂਏ ਤੋ ਕਿਆ ਹੂਆ*
*ਜੌ ਜੀਵਤ ਕਈ ਹਜਾਰ।*

ਅਜਿਹਾ ਕਾਰਨਾਮਾ ਦੁਨੀਆਂ ਦੇ ਹੋਰ ਕਿਸੇ ਵੀ ਧਾਰਿਮਕ ਪੈਗੰਬਰ ਦੇ ਹਿੱਸੇ ਨਹੀਂ ਆਇਆ। 'ਗੰਜਿ ਸ਼ਹੀਦਾਂ' ਵਿਚ ਅੱਲਾ ਯਾਰ ਖਾਂ ਜੋਗੀ ਇਸੇ ਪ੍ਰਸੰਗ ਨੂੰ ਇਉਂ ਬਿਆਨ ਕਰਦੇ ਹਨ –

*ਯਾਕੂਬ ਕੋ ਯੂਸਫ ਕੇ ਬਿਛੜਨੇ ਨੇ ਰੁਲਾਯਾ॥*
*ਸਾਬਰ ਕੋਈ ਕਮ ਐਸਾ ਰਸੂਲੋਂ ਮੇਂ ਹੈ ਆਯਾ॥*
*ਕਟਵਾ ਕੇ 'ਪਿਸਰ' ਚਾਰ, ਇਕ ਆਂਸੂ ਨ ਗਿਰਾਯਾ॥*
*ਰੁਤਬਾ ਗੁਰੂ ਗੋਬਿੰਦ ਨੇਂ ਰਿਸ਼ੀਓਂ ਕਾ ਬੜ੍ਹਾਯਾ॥*

ਉਨ੍ਹਾਂ ਦਾ ਹੋਰ ਵੱਡਾ ਕਾਰਨਾਮਾ ਸਦੀਆਂ ਤੋਂ ਲਤਾੜੀਆਂ ਜਾ ਰਹੀਆਂ ਛੋਟੀਆਂ ਜਾਤਾਂ ਨੂੰ ਅੰਮ੍ਰਿਤ ਛਕਾ ਕੇ ਉਹਨਾਂ ਵਿੱਚ ਸ਼ਕਤੀ ਦਾ ਅਜਿਹਾ ਸੰਚਾਰ ਕੀਤਾ ਕਿ ਉਹ

'ਚਿੜੀਓਂ ਸੇ ਬਾਜ ਤੁੜਾਊਂ ਸਵਾ ਲਾਖ ਸੇ ਏਕ ਲੜਾਊਂ' ਦੇ ਕਾਬਲ ਹੋ ਗਏ। ਅੰਮ੍ਰਿਤ ਦੀ ਸ਼ਕਤੀ ਨਾਲ ਉਨ੍ਹਾਂ ਵਿੱਚ ਐਸੀ ਹਿੰਮਤ ਆਈ ਕਿ ਹੁਣ ਸਿਰ ਝੁਕਾਉਣ ਦੀ ਥਾਂ ਸਿਰ ਕਟਵਾਉਣਾ ਮਨਜ਼ੂਰ ਸੀ ਤੇ ਇਹ ਉਨ੍ਹਾਂ ਦੀ ਆਦਤ ਹੀ ਬਣ ਗਈ।

*ਜਬ ਆਵ ਕੀ ਅਉਧ ਨਿਧਾਨ ਬਨੈ*
*ਅਤ ਹੀ ਰਨ ਮੈ ਤਬ ਜੂਝ ਮਰੋਂ॥੨੩॥*

ਦਾ ਐਸਾ ਪਾਠ ਪੜ੍ਹਾਇਆ ਕਿ ਜਿਨ੍ਹਾਂ ਨੇ ਕਦੀ ਕਰਦ ਹੱਥ ਵਿਚ ਨਹੀਂ ਪਕੜੀ ਸੀ ਉਹ ਤਲਵਾਰ ਦੇ ਧਨੀ ਹੋ ਕੇ ਰਣ ਤੱਤੇ ਵਿਚ ਜੂਝਣ ਲਈ ਤਿਆਰ ਰਹਿੰਦੇ। ਆਪਣੇ ਅਜਿਹੇ ਸਿਖਾਂ ਨੂੰ ਵਡਿਆਈ ਦਿੰਦੇ ਹੋਏ ਗੁਰੂ ਸਾਹਿਬ ਆਪਣੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਆਪਣੇ ਇਨ੍ਹਾਂ ਸਿਖਾਂ ਨੂੰ ਦਿੰਦੇ ਹਨ -

*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ*
*ਨਹੀਂ ਮੋ ਸੋ ਗਰੀਬ ਕਰੋਰ ਪਰੇ॥੨॥*

ਇਸ ਤਰ੍ਹਾਂ ਹੋਰ ਅੱਗੇ ਵਿਚਾਰ ਕਰਦਿਆਂ ਉਹਨਾਂ ਦਾ ਇੱਕ ਵੱਡਾ ਕਾਰਨਾਮਾ ਖ਼ਾਲਸਾ ਪੰਥ ਦੀ ਸਾਜਨਾ 'ਪੰਚ ਪਰਵਾਨ ਪੰਚ ਪਰਧਾਨ' ਦੇ ਸੰਕਲਪ ਨੂੰ ਅਮਲੀ ਰੂਪ ਦੇਣਾ। ਅੱਜ ਜਿਸ ਲੋਕਰਾਜ ਦੀ ਅਸੀਂ ਗੱਲ ਕਰਦੇ ਹਾਂ Democracy is a goverment of the people by the people for the people ਇਸ ਨੂੰ ਹਕੀਕਤ ਵਿਚ ਗੁਰੂ ਸਾਹਿਬਾਂ ਨੇ ੩੦੦ ਸਾਲ ਪਹਿਲਾਂ ਸੁਰਜੀਤ ਕੀਤਾ। ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦੀ ਪਦਵੀ ਦਿੱਤੀ। ਪੰਚਾਂ ਨੂੰ ਗੁਰੂ ਰੂਪ ਮੰਨ ਕੇ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ ਅਤੇ ਆਪੇ ਗੁਰਚੇਲਾ ਦੀ ਪਰਿਪਾਟੀ ਨੂੰ ਜਨਮ ਦਿੱਤਾ। ਤਾਨਾਸ਼ਾਹੀ ਦੀ ਜਗ੍ਹਾ ਲੋਕਤੰਤਰੀ ਪ੍ਰਣਾਲੀ ਪੰਚ ਨੂੰ ਸਾਰੇ ਹੱਕ ਹਕੂਕ ਦਿੱਤੇ। ਪੰਚ ਸੰਗਤ ਵਿਚੋਂ ਚੁਣੇ ਜਾਂਦੇ। ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਪੰਚ ਗੁਰੂ ਰੂਪ ਹਨ। ਉਨ੍ਹਾਂ ਦਾ ਦਿੱਤਾ ਹੁਕਮ ਗੁਰੂ ਦਾ ਹੁਕਮ ਹੈ ਅਤੇ ਇਸ ਹੁਕਮ ਨੂੰ ਗੁਰੂ ਸਾਹਿਬਾਂ ਨੇ ਆਪ ਮੰਨ ਕੇ ਵਿਖਾਇਆ।

ਗੁਰੂ ਸਾਹਿਬ ਦੀ ਹੋਰ ਦੇਣ ਖ਼ਾਲਸ ਇਨਸਾਨ ਦੀ ਸਾਜਨਾ, ਖ਼ਾਲਸ ਸਿਖ ਦੀ ਸਾਜਨਾ ਜੋ ਕਿ ਦੀਨ ਦੁਨੀ ਦੀ ਰੱਖਿਆ ਕਰਨ ਵਾਲਾ ਸੰਤ ਸਿਪਾਹੀ ਹੈ। ਇਸ ਸਭ ਤੋਂ ਉਪਰ ਆਚਰਨ ਦੀ ਸ਼ੁੱਧਤਾ ਵਾਲੇ ਸਿਖ ਦੀ ਕਲਪਨਾ। ਆਚਰਨ ਐਸਾ ਉੱਚਾ ਕਿ ਨਫ਼ਰਤ ਵਿਚ ਅੰਨ੍ਹਾਂ ਹੋਇਆ ਮੁਗ਼ਲ ਲਿਖਾਰੀ ਸਿਖਾਂ ਨੂੰ ਸਗ (ਕੁੱਤਾ) ਲਿਖਦਿਆਂ ਵੀ ਉਨ੍ਹਾਂ ਦੇ ਆਚਰਨ ਦੀ ਤਾਰੀਫ਼ ਕਰਦਾ ਹੈ। ਆਚਰਨ ਐਸਾ ਉੱਚਾ ਕਿ ਆਪਣੀ ਇਸਤ੍ਰੀ ਤੋ ਬਿਨਾਂ ਹੋਰ ਕਿਸੇ ਇਸਤ੍ਰੀ ਵਲ ਮਾੜੀ ਨਜ਼ਰ ਨਾਲ ਤਕਣਾ ਵੀ ਨਹੀਂ -

*ਨਿਜੁ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢਅਈਹੁ*
*ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਈਅਹੁ॥*
*(ਪਖਿਆਨ ਚਰਿਤ੍ਰ)*

ਪਰ ਨਾਰੀ ਦਾ ਖਿਆਲ ਸੁਪਨੇ ਵਿਚ ਵੀ ਨਾਂ ਕਰਨ ਦੀ ਤਾੜਨਾ ਹੈ।

ਮਨੁੱਖ ਦੇ ਸੁਭਾਅ ਦੀਆਂ ਸਭ ਤੋਂ ਵੱਡੀਆਂ ਦੋ ਕਮਜੋਰੀਆਂ ਹਨ - ਪਰ ਧਨ ਤੇ ਕਬਜ਼ਾ ਅਤੇ ਪਰਾਈ ਖੂਬਸੂਰਤੀ ਨੂੰ ਹਥਿਆਉਣਾ। ਦੁਨੀਆਂ ਦੇ ਇਤਿਹਾਸ ਵਿਚ ਜਿਤਨੇ ਵੀ ਯੁੱਧ ਹੋਏ ਹਨ ਉਹ ਜਰ, ਜੋਰੂ ਅਤੇ ਜ਼ਮੀਨ ਲਈ ਹੋਏ ਹਨ। ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ ਦਸਵੀਂ ਜੋਤ ਤੱਕ ਸਭ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਦਾ ਨਿਚੋੜ ਆਪਣੇ ਸਿਖਾਂ ਦੇ ਆਚਰਨ ਦੀ ਉਸਾਰੀ ਹੀ ਦਸਦਾ ਹੈ। ਗੁਰੂ ਨਾਨਕ ਦੇਵ ਜੀ ਨੇ ਪਰਾਏ ਧਨ ਵਾਸਤੇ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ॥' ਕਹਿ ਕੇ ਤਾੜਨਾ ਕਰ ਦਿੱਤੀ ਸੀ ਅਤੇ ਪਰ ਇਸਤ੍ਰੀ ਵਾਸਤੇ ਫੁਰਮਾਨ ਗੁਰਬਾਣੀ ਵਿਚੋਂ ਮਿਲਦਾ ਹੈ -

*ਪਰ ਤ੍ਰਿਅ ਰੂਪ ਨ ਪੇਖੈ ਨੇਤ੍ਰ।* *(ਸੁਖਮਨੀ ਸਾਹਿਬ)*

ਰਹਿਤਨਾਮੇ ਵਿੱਚ ਸਿਖ ਦੇ ਉੱਚੇ ਆਚਰਨ ਲਈ ਬੜਾ ਪਿਆਰ ਭਰਿਆ ਉਪਦੇਸ਼ ਹੈ -

*ਪਰ ਬੇਟੀ ਕੋ ਬੇਟੀ ਜਾਨੈ,*
*ਪਰ ਇਸਤ੍ਰੀ ਕੋ ਮਾਤ ਬਖਾਨੈ॥*
*ਆਪਣੀ ਇਸਤ੍ਰੀ ਸੋ ਰਤ ਹੋਈ,*
*ਰਹਿਤਵਾਨ ਗੁਰ ਕਾ ਸਿਖ ਸੋਈ॥*

ਭਾਵ ਗੁਰੂ ਸਾਹਿਬ ਜੀ ਨੇ ਗੁਰੂ ਨਾਨਕ ਦੀ ਦਿੱਤੀ ਹੋਈ ਭਗਤੀ ਨਾਲ ਸ਼ਕਤੀ ਦਾ ਸੁੰਦਰ ਸੁਮੇਲ ਕੀਤਾ। ਇੱਕ ਅਜਿਹੇ ਸੰਤ ਸਿਪਾਹੀ ਦੀ ਰਚਨਾ ਕੀਤੀ ਜੋ ਗੁਰੂ ਨਾਨਕ ਦੇਵ ਜੀ ਦੀ ਦਿੱਤੀ ਹੋਈ ਵਿਚਾਰਧਾਰਾ ਦਾ ਸਿਖਰ ਬਣਿਆ। ਗੁਰੂ ਨਾਨਕ ਸਾਹਿਬ ਜੀ ਨੇ ਜੋ ਵਿਚਾਰ ਦਿੱਤੇ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (ਅੰਗ - ੯੬੬) ਦਾ ਸਫ਼ਰ ਤਹਿ ਕਰਦੀ ਹੋਈ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀ ਦੀ ਮੰਜਿਲ ਤੇ ਪਹੁੰਚਦੀ ਹੈ। ਗੁਰੂ ਜੀ ਦਾ ਸਿੱਖ ਸੰਤ ਰੂਪ ਵਿਖ ਫਕੀਰ ਹੈ, ਨਿਮਰ ਹੈ, ਗਰੀਬ ਹੈ, ਭਗਤ ਹੈ ਪਰ ਮਜ਼ਲੂਮ ਦੀ, ਗਰੀਬ ਦੀ, ਦੀਨ ਦੁਖੀ ਦੀ ਰੱਖਿਆ ਕਰਨ ਦੇ ਲਈ ਉਹ ਸਿਪਾਹੀ ਦੇ ਰੂਪ ਵਿਚ ਵਿਚਰਨ ਲਗਦਾ ਹੈ। ਗੁਰੂ ਸਾਹਿਬ ਦਾ ਸਾਜਿਆ

ਸਿਖ ਪਹਿਲਾਂ ਕਿਸੇ ਨੂੰ ਡਰਾਉਂਦਾ ਨਹੀਂ ਪਰ ਡਰਦਾ ਵੀ ਨਹੀਂ। ਕਿਸੇ ਲਾਲਚ ਅਧੀਨ, ਨਿਜੀ ਸਵਾਰਥ ਲਈ ਹਮਲਾ ਵੀ ਨਹੀਂ ਕਰਦਾ -

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*

ਤੇ ਚਲਦਿਆਂ ਉਹ ਗਰੀਬ ਦੀ, ਮਜ਼ਲੂਮ ਦੀ, ਦੀਨ ਦੁਖੀ ਦੀ ਮਦਦ ਦੇ ਲਈ ਹਰ ਵਸੀਲੇ ਨਾਲ ਤਿਆਰ ਰਹਿੰਦਾ ਹੈ। ਜੇ ਹੋਰ ਸਾਰੇ ਵਸੀਲੇ ਕੰਮ ਨਾ ਆਉਣ ਤਾਂ -

*ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ*
*ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥ (ਜ਼ਫ਼ਰਨਾਮਾ)*

ਤਲਵਾਰ ਲੈ ਕੇ ਸਿਰ ਧੜ ਦੀ ਬਾਜ਼ੀ ਲਗਾ ਦਿੰਦਾ ਹੈ। ਗੁਰੂ ਨਾਨਕ ਸਹਿਬ ਦੇ ਇਸ ਵਿਚਾਰ -

*ਜਉ ਤਉ ਪ੍ਰੇਮ ਖੇਲਣ ਕਾ ਚਾਉ*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥੨੦॥ ਅੰਗ - ੧੪੧੨*

ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨਤਾ ਦਿੱਤੀ ਤਾਂ ਹੀ ਡਾ: ਗੋਕਲ ਚੰਦ ਨਾਰੰਗ ਲਿਖਦੇ ਹਨ The steel used for the sword of Guru Giobnd Singh Ji was Provided by Guru Nanak Devi Ji. ਗੁਰੂ ਜੀ ਦੀ ਸ਼ਖਸੀਅਤ ਦਾ ਹੋਰ ਪੱਖ ਉਨ੍ਹਾਂ ਦਾ ਮਾਨਵਵਾਦੀ ਹੋਣਾ ਹੈ। ਉਨ੍ਹਾਂ ਨੇ ਜਬਰ ਤੇ ਜ਼ੁਲਮ ਦੇ ਖਿਲਾਫ਼ ਤਲਵਾਰ ਉਠਾਈ। ਸ਼ਖਸੀ ਤੌਰ ਤੇ ਉਨ੍ਹਾਂ ਦਾ ਕਿਸੇ ਨਾਲ ਕੋਈ ਵਿਰੋਧ ਨਹੀਂ ਸੀ। ਲੜਾਈ ਦੇ ਮੈਦਾਨ ਵਿਚ ਸਿਖਾਂ ਅਤੇ ਮੁਗਲ ਸਿਪਾਹੀਆਂ ਦੀ ਇਕੋ ਜਿਹੀ ਦੇਖ ਭਾਲ ਅਤੇ ਪਾਣੀ ਪਿਲਾਉਣ ਦੀ ਸੇਵਾ ਭਾਈ ਘਨਈਆ ਜੀ ਨੇ ਕੀਤੀ ਅਤੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਇਹ ਹੀ 'ਰੈਡ ਕ੍ਰੋਸ' ਦੀ ਬੁਨਿਆਦ ਹੈ। ਗੁਰੂ ਸਾਹਿਬ ਜੀ ਦਾ ਜਿਹੜਾ ਤੀਰ ਕਿਸੇ ਮੁਗਲ ਸਿਪਾਹੀ ਨੂੰ ਮਾਰ ਕਰਦਾ ਸੀ ਉਸ ਨਾਲ ਸਵਾ ਤੋਲਾ ਸੋਨਾ ਲੱਗਾ ਹੁੰਦਾ ਸੀ ਤਾਂ ਜੋ ਉਸ ਪੈਸੇ ਨਾਲ ਉਸਦੀ ਅੰਤਿਮ ਕਿਰਿਆ ਹੋ ਸਕੇ। ਗੁਰੂ ਸਾਹਿਬ ਜੀ ਦਾ ਇਹ ਮਾਨਵਵਾਦੀ ਸੁਭਾਅ ਉਨ੍ਹਾਂ ਨੂੰ ਸਭ ਤੋਂ ਵਿਲੱਖਣ ਬਣਾਉਂਦਾ ਹੈ।

ਗੁਰੂ ਸਾਹਿਬ ਦੀ ਸ਼ਖਸੀਅਤ ਦਾ ਇਕ ਹੋਰ ਚਮਤਕਾਰੀ ਪੱਖ ਉਨ੍ਹਾਂ ਦਾ ਉੱਚ ਕੋਟੀ ਦਾ ਸਾਹਿਤਕਾਰ ਹੋਣਾ ਹੈ। ਉਹ ਪੰਜਾਬੀ, ਸੰਸਕ੍ਰਿਤ, ਬ੍ਰਜ, ਫ਼ਾਰਸੀ ਦੇ ਉੱਚਕੋਟੀ ਦੇ ਵਿਦਵਾਨ ਸਨ। ਉਹ ਆਪ ਉੱਚਕੋਟੀ ਦੇ ਵਿਦਵਾਨ ਸਨ ਤੇ ਵਿਦਵਾਨਾਂ ਦੇ ਕਦਰਦਾਨ ਸਨ। ਆਪ ਜੀ ਦੇ ਦਰਬਾਰ ਵਿਚ ੫੨ ਕਵੀ ਰਹਿੰਦੇ ਸਨ। ਉਨ੍ਹਾਂ ਦੀਆਂ ਰਚਨਾਵਾਂ ਆਪ ਬੜੇ ਸ਼ੌਕ ਤੇ ਉਤਸ਼ਾਹ ਨਾਲ ਸੁਣਦੇ ਅਤੇ ਖੁਸ਼ ਹੋ ਕੇ ਕਵੀਆਂ ਨੂੰ ਇਨਾਮ ਦਿੰਦੇ। ਗੁਰੂ ਸਾਹਿਬਾਂ ਦੀਆਂ ਰਚਨਾਵਾਂ ਵਿਚੋਂ ਜਾਪੁ ਸਾਹਿਬ, ਚੰਡੀ ਦੀ ਵਾਰ, ਬਚਿਤ੍ਰ ਨਾਟਕ, ਸ੍ਵਯੇ, ਜ਼ਫ਼ਰਨਾਮਾ, ਫਤਿਹਨਾਮਾ ਸੰਸਾਰ ਪੱਧਰ ਦੇ ਧਾਰਮਿਕ ਸਾਹਿਤ ਦੀ ਗਿਣਤੀ ਵਿੱਚ ਆਉਂਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਉਨ੍ਹਾਂ ਦਾ ਫ਼ਲਸਫ਼ਾ, ਉਨ੍ਹਾਂ ਦੇ ਉਪਦੇਸ਼, ਉਨ੍ਹਾਂ ਦੇ ਜੀਵਨ ਦਾ ਉਦੇਸ਼ ਸਪਸ਼ਟ ਪ੍ਰਗਟ ਹੁੰਦੇ ਹਨ। ਜਾਪ ਸਾਹਿਬ ਅਤੇ ਅਕਾਲ ਉਸਤਤ ਪ੍ਰਮਾਤਮਾ ਦੀ ਮਹਿਮਾ ਬਿਆਨ ਕਰਦੀਆਂ ਹਨ। ਉਨ੍ਹਾਂ ਦੇ ਜੀਵਨ ਦਾ ਆਦਰਸ਼ -

*ਦੇਹ ਸਿਵਾ ਬਰ ਮੋਹਿ ਇਹੈ,*
*ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥*

ਸ਼ਬਦ ਵਿੱਚ ਅੰਕਿਤ ਹੈ। ਸਾਹਿਤ ਨਾਲ ਪ੍ਰੇਮ ਉਨ੍ਹਾਂ ਦਾ ਇਸ ਤੋਂ ਪ੍ਰਗਟ ਹੁੰਦਾ ਹੈ ਕਿ ਉਨ੍ਹਾਂ ਨੇ ਸਿਖਾਂ ਨੂੰ

ਸੰਸਕ੍ਰਿਤ ਸਿੱਖਣ ਲਈ ਕਾਸ਼ੀ ਭੇਜਿਆ ਅਤੇ ਫਿਰ ਤਲਵੰਡੀ ਸਾਬੋ ਵਿਖੇ ਸਾਰੇ ਸਾਹਿਤਕਾਰਾਂ ਨੂੰ, ਕਵੀਆਂ ਨੂੰ ਇਕੱਠਾ ਕੀਤਾ ਅਤੇ ਤਲਵੰਡੀ ਸਾਬੋ ਨੂੰ ਗੁਰੂ ਕੀ ਕਾਸ਼ੀ ਦਾ ਨਾਮ ਦਿੱਤਾ। ਗੁਰੂ ਜੀ ਦੀ ਰਚਨਾ ਵਿਚੋਂ ਪ੍ਰਮਾਤਮਾ ਦੀ ਉਸਤਤੀ, ਮਹਿਮਾਂ ਤੋਂ ਬਿਨਾਂ ਸਿਖ, ਦਾਨ ਧਰਮ, ਮੁਕਤੀ ਅਤੇ ਕਰਮ ਬਾਰੇ ਪਤਾ ਲਗਦਾ ਹੈ। ਤੀਰਥ, ਬ੍ਰਤ, ਇਸ਼ਨਾਨ ਆਦਿ ਕਰਮ ਸਭ ਬੇ ਅਰਥ ਹਨ -

*ਕਹਾਂ ਭਯੋ ਜੋ ਦੋਊ ਲੋਚਨ ਮੂੰਦ ਕੈ*
*ਬੈਠਿ ਰਹਿਓ ਬਕ ਧਿਆਨ ਲਗਾਇਓ॥*
*ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ*
*ਲੋਕ ਗਯੋ ਪਰਲੋਕ ਗਵਾਇਓ॥*

ਸਾਰੇ ਫੋਕਟ ਕਰਮਾਂ ਤੋਂ ਉਪਰ ਸਚੀ ਪ੍ਰੀਤ ਹੈ -

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਇਸ ਤਰ੍ਹਾਂ ਇਸ ਨਾਯਾਬ ਸ਼ਖਸੀਅਤ ਨੇ ਆਪਣੀਆਂ ਇਨ੍ਹਾਂ ਸਭ ਪ੍ਰਾਪਤੀਆਂ ਤੋਂ ਬਾਦ ਇਸ ਨੂੰ ਅਕਾਲਪੁਰਖ ਦੀ ਬਖ਼ਸ਼ਿਸ਼ ਦੱਸਿਆ -

*ਭਈ ਜੀਤ ਮੋਰੀ ਕ੍ਰਿਪਾ ਕਾਲ ਕੇਰੀ॥*

ਅਤੇ ਆਪਣੇ ਆਪ ਨੂੰ ਪਰਮਾਤਮਾ ਦਾ ਦਾਸ -

*ਮੈ ਹੋ ਪਰਮ ਪੁਰਖ ਕੋ ਦਾਸਾ*
*ਦੇਖਨ ਆਯੋ ਜਗਤ ਤਮਾਸ਼ਾ॥*

ਕਹਾ ਇਸ ਸਾਰੀ ਵਿਚਾਰ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸੱਚ ਹੀ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' ਹਨ।

# ਕਲਗੀਆਂ ਵਾਲੇ ਸੋਹਣੇ ਪ੍ਰੀਤਮ

*[ਭਾਈ ਅਤਰ ਸਿੰਘ 'ਨੀਰ']*

ਕਲਗੀਆਂ ਵਾਲੇ ਸੋਹਣੇ ਪ੍ਰੀਤਮ! ਸੋਹਣੇ ਤੇ ਮਨ-ਮੋਹਣੇ ਪ੍ਰੀਤਮ!
ਫ਼ੌਜਾਂ ਵਾਲੇ ਬਾਜਾਂ ਵਾਲੇ! ਤਖ਼ਤਾਂ ਵਾਲੇ ਤਾਜਾਂ ਵਾਲੇ!
ਉਚੀਆਂ ਉਚੀਆਂ ਸ਼ਾਨਾਂ ਵਾਲੇ! ਸੁੰਦਰ ਤੀਰ ਕਮਾਨਾਂ ਵਾਲੇ!
ਨੀਲੇ ਦੇ ਅਸਵਾਰ ਰੰਗੀਲੇ! ਮਿਹਰਾਂ ਦੇ ਭੰਡਾਰ ਰੰਗੀਲੇ!
ਅੰਮ੍ਰਿਤ-ਦਾਤਾਂ-ਰੰਗਤਾਂ ਅੰਦਰ! ਸੋਭ ਰਹੇ ਸਨ ਸੰਗਤਾਂ ਅੰਦਰ!
ਮਾਤਾ ਜੀਤੋ ਨਿਮੋਝਾਣੀ! ਆ ਗਏ ਲੈ ਕੇ ਅਜਬ ਕਹਾਣੀ!
ਆਖਣ ਸੁਣ ਲਓ ਮੇਰੀ ਦਾਤਾ! ਵਿਥਿਆ ਹੈ ਔਖੇਰੀ ਦਾਤਾ!
ਸੁਪਨਾ ਡਿਠਾ ਮੈਂ ਨਰਾਲਾ! ਵਜ ਗਿਆ ਬਖ਼ਤਾਂ ਨੂੰ ਤਾਲਾ!
ਘਰ ਅਸਾਂ ਤੋਂ ਛੁਟਿਆ ਡਿਠਾ! ਰਾਜ ਭਾਗ ਸਭ ਲੁਟਿਆ ਡਿਠਾ!
ਵਡੇ ਦੋਵੇਂ ਲਾਡਾਂ ਪਾਲੇ! ਜੰਗ ਚਿ ਹੋਏ ਰੱਬ ਹਵਾਲੇ!
ਫਤਿਹ ਸਿੰਘ ਜ਼ੋਰਾਵਰ ਛੋਟੇ! ਵਿਚ ਦੀਵਾਰਾਂ ਹਨ ਖਲੋਤੇ!
ਨੀਲਾ ਨਹੀਂ ਏ, ਬਾਜ ਨਹੀਂ ਏ! ਕਲਗੀ ਜਿਗ੍ਹਾ ਤਾਜ ਨਹੀਂ ਏ!
ਫ਼ੌਜਾਂ ਰੁਲੀਆਂ, ਰੁਲਿਆ ਮਾਹੀ! ਸਰਸਾ-ਠੰਢੇ ਹੋਈ ਤਬਾਹੀ!
ਅੱਖਾਂ ਸਾਹਵੇਂ ਬੰਸ ਲੁਟੀਵੇ! ਮੈਥੋਂ ਇਹ ਨ ਵੇਖ ਸਕੀਵੇ!
ਪ੍ਰੀਤਮ ਜੀਉ ਭਰਮ ਮਿਟਾਵੋ! ਗੁੰਝਲ ਸਾਰੀ ਖੋਲ੍ਹ ਸੁਣਾਵੋ!
ਸੁਣ ਕੇ ਸਤਿਗੁਰ ਕਲਗੀਆਂ ਵਾਲੇ! ਬੋਲੇ ਏਦਾ ਬਚਨ ਸੁਖਾਲੇ!
ਪਿਸ ਪਿਸ ਕੇ ਹੈ ਬਣਦਾ ਪਿਆਰਾ, ਸੁਰਮਾ ਕਈ ਅਖੀਆਂ ਦਾ ਤਾਰਾ!
ਪੱਥਰ ਦਾ ਜਦ ਚੀਰਿਆ ਸੀਨਾ, ਤਾਂ ਉਹ ਬਣਿਆ ਕਿਤੇ ਨਗੀਨਾ!
ਐਵੇਂ ਨਹੀਂ ਅਜ਼ਾਦੀ ਮਿਲਦੀ! ਕੌਮ ਕਿਸੇ ਦੀ ਕਿਸਮਤ ਖਿਲਦੀ!
ਜਦ ਤਕ ਉਹ ਨਹੀਂ ਵਾਂਗ ਪਤੰਗੇ, ਸ਼ਮ੍ਹਾ-ਪਿਆਰ ਵਿਚ ਜਾਂਦੇ ਰੰਗੇ!
ਕੌਮ ਦੇਸ਼ ਲਈ ਜਿਹੜੇ ਮਰਦੇ, ਉਹ ਕੁਲ ਆਪਣੀ ਰੌਸ਼ਨ ਕਰਦੇ!
ਜਦ ਤਕ ਸੂਰਜ ਚੰਨ ਅਕਾਸ਼ੀ, ਤੱਦ ਤਕ ਰਹਿੰਦੇ ਉਹ ਅਬਨਾਸ਼ੀ!
ਉਨ੍ਹਾਂ ਮਾਵਾਂ ਦੇ ਹੋਵਣ ਸੋਹਲੇ, ਜਿਨ੍ਹਾਂ ਕੌਮ ਤੋਂ ਬਚੜੇ ਘੋਲੇ!
ਜਿਨ੍ਹਾਂ ਭੈਣਾਂ ਨੇ ਵੀਰੇ ਵਾਰੇ, ਜੰਗ ਵਿਚ ਉਨ੍ਹਾਂ ਦੇ ਜੈ ਜੈਕਾਰੇ!
ਜਿਨ੍ਹਾਂ ਨੇ ਤੇਰੇ ਸਿਰ ਦੇ ਸਾਈਂ, ਹਸਦੇ ਹਸਦੇ ਚਾਈਂ ਚਾਈਂ,
ਜਗ ਉਨ੍ਹਾਂ ਦੀਆਂ ਗਾਵੇ ਵਾਰਾਂ, ਧੰਨ ਧੰਨ ਉਹ ਵਡਭਾਗਣ ਨਾਰਾਂ।
ਘਬਰਾਵਣ ਦੀ ਲੋੜ ਨਹੀਂ ਏ। ਗ਼ਮ ਖਾਵਣ ਦੀ ਲੋੜ ਨਹੀਂ ਏ।
ਜੱਗ ਦਾ ਭਾਰ ਵੰਡਾਣਾ ਅਸਾਂ। ਨਹੀਂ ਕੋਈ ਰਾਜ ਚਲਾਣਾ ਅਸਾਂ।
ਤੇਲ ਦੀ ਥਾਂ ਤੇ ਚਰਬੀ ਪਾ ਕੇ, ਕੁਰਬਾਨੀ ਦੀ ਜੋਤ ਜਗਾ ਕੇ,
ਪਿਤਾ ਪਿਆਰੇ ਪਾ ਕੇ ਲੀਹਾਂ, ਕਰ ਗਏ ਨੇ ਪਕੀਆਂ ਨੀਹਾਂ।

**(ਬਾਕੀ ਪੰਨਾ 35 'ਤੇ)**

# ਕੌਮੀ ਆਗੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ

*[ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ]*

ਕਈ ਇਤਿਹਾਸਕਾਰ ਗੁਰੂ ਗੋਬਿੰਦ ਸਿੰਘ ਜੀ ਦੇ ਬਲਵਾਨ ਕੱਦ-ਕਾਠ ਨੂੰ ਕੇਵਲ ਉਨ੍ਹਾਂ ਦੀਆਂ ਰਾਜਸੀ ਤੇ ਫ਼ੌਜੀ ਪ੍ਰਾਪਤੀਆਂ ਦੇ ਗਜਾਂ ਨਾਲ ਹੀ ਮਾਪਦੇ ਹਨ, ਪਰ ਉਨ੍ਹਾਂ ਦੀਆਂ ਪ੍ਰਾਪਤੀਆਂ ਤਾਂ ਸਰਬ-ਪੱਖੀ ਸਨ। ਉਨ੍ਹਾਂ ਨੂੰ ਕੇਵਲ ਕਿਸੇ ਵਿਸ਼ੇਸ਼ ਖੇਤਰ ਵਿਚ ਪ੍ਰਾਪਤੀਆਂ ਕਰਨ ਵਾਲਾ ਸਾਬਤ ਕਰਨਾ, ਉਨ੍ਹਾਂ ਦੀ ਸ਼ਖ਼ਸੀਅਤ ਨਾਲ ਬੇਇਨਸਾਫ਼ੀ ਕਰਨਾ ਹੋਵੇਗਾ। ਗੁਰੂ ਸਾਹਿਬ ਦੀ ਸਰਬ-ਪੱਖੀ ਮਹਾਨਤਾ ’ਚੋਂ ਆਪ ਦੇ ਪੂਰਵਜਾਂ ਵਾਂਗ ਆਪ ਦੀ ਅਧਿਆਤਮਕ ਵਿਸ਼ੇਸ਼ਤਾ ਉਲੇਖਨੀਯ ਹੈ।

ਕਲਗੀਧਰ ਪਾਤਸ਼ਾਹ ਆਪਣੇ ਅਨੁਯਾਈਆਂ ਦੀ ਹਰ ਪੱਖੋਂ ਅਗਵਾਈ ਕਰਨ ਦੇ ਸਮਰੱਥ ਸਨ। ਇਸੇ ਲਈ ਸੂਰਬੀਰ, ਸ੍ਵੈ-ਕੁਰਬਾਨੀ ਕਰਨ ਵਾਲੇ, ਅਧਿਆਤਮਕ-ਚਾਸ਼ਣੀ ਦੱਖਣ ਵਾਲੇ ਤੇ ਸਾਹਿਤਕ-ਪਿੜ ਦੇ ਸਵਾਰ ਸਭ ਪ੍ਰਕਾਰ ਦੇ ਵਿਅਕਤੀ ਉਨ੍ਹਾਂ ਨਾਲ ਆ ਜੁੜੇ ਸਨ। ਗੁਰੂ ਸਾਹਿਬ ਨੇ ਸਭ ਵਰਗਾਂ ਦੇ ਲੋਕਾਂ ਅੰਦਰ ਅਧਿਆਤਮਕ ਜੋਤਿ ਜਗਾਈ, ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਸਮੇਂ ਦੇ ਸੰਦਰਭ ਵਿਚ ਅਧਿਆਤਮਕ-ਇਨਕਲਾਬ ਦੀ ਬੜੀ ਵਿਸ਼ੇਸ਼ਤਾ ਹੈ।

ਕੋਈ ਵੀ ਲਹਿਰ ਚੜ੍ਹਦੀ ਕਲਾ, ਕੁਰਬਾਨੀ ਤੇ ਗਤੀਸ਼ੀਲਤਾ ਬਿਨਾਂ ਸਫਲ ਨਹੀਂ ਹੋ ਸਕਦੀ। ਇਹ ਘਟੋ-ਘੱਟ ਖ਼ੂਬੀਆਂ ਹਨ, ਜੋ ਜੀਵਨ ਦੇ ਹਰ ਖੇਤਰ ਵਿਚ ਚਾਹੀਦੀਆਂ ਹਨ। ਇਨ੍ਹਾਂ ਦੇ ਨਾ ਹੋਣ ਤੇ ਹਰ ਮੋਰਚੇ ਤੇ ਅੱਗੇ ਵਧਣਾ ਰੁਕ ਜਾਂਦਾ ਹੈ। ਪਰ ਜਦੋਂ ਚੜ੍ਹਦੀ ਕਲਾ, ਕੁਰਬਾਨੀ ਤੋਂ, ਗਤੀਸ਼ੀਲਤਾ ਅੰਦਰਲੀ ਅਧਿਆਤਮਕ ਸ਼ਕਤੀ ਤੋਂ ਉਪਜਦੀਆਂ ਹਨ ਤਾਂ ਉਹ ਅਵੱਸ਼ ਹੀ ਮਨਚਾਹੇ ਨਤੀਜੇ ਉਤਪੰਨ ਕਰਦੀਆਂ ਹਨ।

ਸ਼ਕਤੀ ਜਾਂ ਬਲ ਹਰ ਪ੍ਰਕਾਰ ਦੀ ਸੇਵਾ ਕਰਨ ਲਈ ਆਵਸ਼ਕ ਹੁੰਦਾ ਹੈ, ਉਸੇ ਦੀ ਸ਼ਕਤੀ ਕੋਈ ਨਤੀਜੇ ਪ੍ਰਗਟ ਕਰਦੀ ਹੈ ਜੋ ਵਿਅਕਤੀ ਕੇਵਲ ਆਪਣੇ ਲਈ ਹੀ ਨਹੀਂ, ਸਗੋਂ ਆਪਣੇ ਸਾਥੀਆਂ ਦੀ ਸਮਾਜਿਕ, ਆਰਥਿਕ, ਨੈਤਿਕ ਤੇ ਰਾਜਸੀ ਦਸ਼ਾ ਸੁਧਾਰਨ ਲਈ ਪ੍ਰਯਤਨ ਕਰਦਾ ਤੇ ਵਰਤਦਾ ਹੈ। ਗੁਰੂ ਸਾਹਿਬ ਨੇ ਕੇਵਲ ਨਿੱਜੀ ਲਾਭਾਂ ਦੀ ਪ੍ਰਾਪਤੀ ਕਰਨ ਵਾਲੇ ਸੂਰਮਿਆਂ ਬਾਰੇ ਲਿਖਿਆ ਹੈ –

***ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ॥***
***ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੀ ਹਯਰਾਜ ਹਜਾਰੇ॥***
***ਭੂਤ ਭਵਿਖ ਭਵਾਨ ਕੇ ਭੂਪਤ ਕਉਨੁ ਗਨੈ ਨਹੀ ਜਾਤ ਬਿਚਾਰੇ॥***
***ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ॥੩॥*** ***(ਸੁਧਾ ਸਵਯੇ, ਪਾਤਸ਼ਾਹੀ ੧੦)***

ਗੁਰੂ ਗੋਬਿੰਦ ਸਿੰਘ ਸਾਹਿਬ ਸੱਚ, ਪ੍ਰੇਮ, ਚੰਗਿਆਈ, ਨੇਕੀ ਤੇ ਨਿਰ-ਸੁਆਰਥਤਾ ਦੇ ਸਾਕਾਰ ਸਰੂਪ ਸਨ। ਆਪ ਜੀ ਇਨ੍ਹਾਂ ਖ਼ੂਬੀਆਂ ਦਾ ਪ੍ਰਯੋਗ ਲੋਕ-ਭਲਾਈ ਲਈ ਕਰਦੇ ਸਨ ਤੇ ਇਸ ਸੰਬੰਧ ’ਚ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਸਦਾ ਤਤਪਰ ਰਹਿੰਦੇ ਸਨ। ਆਪ ਦਾ ਵਿਸ਼ਵਾਸ ਸੀ ਕਿ ਲੋਕਾਈ ਨੂੰ ਉਤਨਾ ਚਿਰ ਤਬਾਹੀ ਤੋਂ ਨਹੀਂ ਬਚਾਇਆ ਜਾ ਸਕਦਾ, ਜਦ ਤਕ ਉਸ ਦੀ ਆਤਮਾ ਨੂੰ ਨਹੀਂ ਜਗਾਇਆ ਜਾਂਦਾ ਤੇ ਆਚਰਣ ਉੱਚਾ ਨਹੀਂ ਹੁੰਦਾ। ਇਸ ਲਈ ਉਨ੍ਹਾਂ ਦੇ ਸਾਹਮਣੇ ਸਭ ਅਤੇ ਵਿਸ਼ੇਸ਼ ਤੋਂ ਜ਼ਰੂਰੀ ਕਾਰਜ ਸੀ ਲੋਕਾਂ ਦੀ ਆਤਮਾ ਨੂੰ ਜਗਾਉਣਾ।

‘ਅਕਾਲ ਪੁਰਖ’ ਦੇ ਨਿਵਾਜੇ ਹੋਏ ਆਪ ‘ਖ਼ਾਸ ਪੁਰਖ’ ਸਨ। ਰਾਗ, ਨਾਦ, ਕਾਵਿ ਅਤੇ ਵਿਦਿਆ ਦੀਆਂ ਦੇਵੀਆਂ ਆਪ ਦੀਆਂ ਗੋਲੀਆਂ ਬਣਕੇ, ਕਾਰ ਕਮਾਂਦੀਆਂ ਸਨ। ਜਾਪੁ ਸਾਹਿਬ, ਅਕਾਲ ਉਸਤਤਿ ਅਤੇ ਆਪ ਦੀ ਹੋਰ ਰਚਨਾਵਾਂ ਵਿਚ ਅਧਿਆਤਮਕ ਕਾਵਿ ਦਾ ਅਲੌਕਿਕ ਰੰਗ, ਮਨਾਂ ਨੂੰ ਮੁਗਧ ਕਰਨ ਵਾਲਾ ਅਤੇ ਆਤਮਾ ਨੂੰ ਹਲੂਣ ਦੇਣ ਵਾਲਾ

ਹੈ। ਇਸੇ ਤਰ੍ਹਾਂ ਬੀਰ-ਰਸੀ ਕਾਵਿ ਵਿਚ ਐਸਾ ਵਿਗਾਸ ਭਰਿਆ ਜੋਸ਼ ਹੈ ਜੁ ਸੂਰਬੀਰਾਂ ਦੇ ਡੌਲੇ ਫ਼ਰਕ ਉਠਦੇ ਹਨ। ਆਪ ਦੀ ਕਾਵਿਕ-ਅਨੁਭੂਤੀ ਦੈਵੀ ਸੀ। ਆਪ ਅੰਦਰ ਕਾਵਿਕ, ਦਾਰਸ਼ਨਿਕ ਤੇ ਅਧਿਆਤਮਕ ਅਤੇ ਦੂਰ-ਦਰਸ਼ੀ ਮਹਾਂਪੁਰਸ਼ ਵਾਲੇ ਸਾਰੇ ਉਹ ਗੁਣ ਮੌਜੂਦ ਸਨ, ਜਿਨ੍ਹਾਂ ਦੇ ਸੁਮੇਲ ਤੋਂ ਇਕ ਐਸਾ ਪਰਮ-ਮਨੁੱਖ ਬਣਦਾ ਹੈ, ਜੋ ਬਦੀ ਦਾ ਖ਼ਾਤਮਾ ਕਰ ਸਕਦਾ ਹੈ।

ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਕਿ ਗੁਰੂ ਨਾਨਕ ਦੇਵ ਜੀ ਹੀ, ਬਦਲੇ ਹੋਏ ਹਾਲਾਤ ਦੀ ਲੋੜ-ਪੂਰਤੀ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਸਰੂਪ ਵਿਚ ਪ੍ਰਗਟ ਹੋਏ ਸਨ-

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥੧॥* *ਅੰਗ - ੯੬੬*

ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਕੇਵਲ ਇਕ ਸੁਧਾਰਕ ਜਾਂ ਯੋਧੇ ਦੇ ਰੂਪ ਵਿਚ ਹੀ ਨਹੀਂ ਦੇਖਣਾ ਚਾਹੀਦਾ, ਸਗੋਂ ਉਹ ਤਾਂ ਸਰਬ-ਸਮਰੱਥ ਮਹਾਂਪੁਰਸ਼ ਸਨ, ਜਿਨ੍ਹਾਂ ਦੇ ਹਿਰਦੇ ਅੰਦਰ ਸੇਵਾ-ਭਾਵਨਾ ਤੇ ਲੋਕ-ਭਲਾਈ ਵਰਗੇ ਜਜ਼ਬਿਆਂ ਦਾ ਹੜ੍ਹ ਆਇਆ ਹੋਇਆ ਸੀ। ਆਪ, ਆਪਣੇ ਆਪ ਨੂੰ ਅਕਾਲ ਪੁਰਖ ਦਾ ਸੇਵਕ ਤੇ ਖ਼ਾਲਿਕ ਦੀ ਖ਼ਲਕਤ ਦਾ ਸੇਵਾਦਾਰ ਸਮਝਦੇ ਸਨ। ਇਸੇ ਲਈ ਆਪ ਜੀ ਦੀ ਰਚਨਾ ਵਿਚ ਸੇਵਾ ਦੀ ਬੜੀ ਮਹੱਤਤਾ ਬਿਆਨ ਕੀਤੀ ਗਈ ਹੈ। ਆਪ ਦਾ ਰੱਬ ਰਾਜ-ਮਹਿਲਾਂ ਦਾ ਵਸਨੀਕ ਨਹੀਂ ਸੀ, ਸਗੋਂ ਗਰੀਬਾਂ, ਕਮਜ਼ੋਰਾਂ ਤੇ ਹੀਣਾਂ, ਲਤਾੜਿਆਂ ਹੋਇਆਂ ਦੀਆਂ ਝੁੱਗੀਆਂ ਵਿਚ ਵਾਸ ਕਰਨ ਵਾਲਾ ਸੀ। ਆਪ ਨੇ ਬਚਿੱਤ੍ਰ ਨਾਟਕ ਵਿਚ ਲਿਖਿਆ ਹੈ ਕਿ ਉਹ ਚਾਹੁੰਦੇ ਸਨ ਕਿ ਅਕਾਲ ਪੁਰਖ ਦੇ ਚਰਨਾਂ ਵਿਚ ਹੀ ਰਹਿਣ, ਪਰ ਜਦੋਂ ਉਹਨਾਂ ਨੂੰ ਕਿਸੇ ਵਿਸ਼ੇਸ਼ ਮਨੋਰਥ ਦੀ ਪੂਰਤੀ ਲਈ ਮਾਤ-ਲੋਕ ਵਿਚ ਆਉਣ ਦਾ ਆਦੇਸ਼ ਮਿਲਿਆ, ਤਾਂ ਉਹ ਹੁਕਮ-ਅਦੂਲੀ ਕਿਵੇਂ ਕਰਦੇ। ਆਪ ਨੇ ਲਿਖਿਆ ਹੈ -

*ਚਿਤ ਨ ਭਯੋ ਹਮਰੋ ਆਵਨ ਕਹ॥*
*ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ॥੫॥*
*(ਬਚਿੱਤ੍ਰ ਨਾਟਕ, ਅਧਿ: ੬)*

ਜਦੋਂ ਆਪ ਨੇ ਸੰਸਾਰ ਵਿਚ ਆ ਕੇ ਸੇਵਾ ਕਰਨ ਤੇ ਬਦੀ ਵਿਰੁੱਧ ਸੰਘਰਸ਼ ਕਰਨ ਦੀ ਚੋਣ ਕੀਤੀ ਤਾਂ ਇਹ ਕਾਰਜ ਵੀ ਆਪ ਨੇ ਅਕਾਲ ਪੁਰਖ ਦੀ ਆਗਿਆ ਤੇ ਸਹਾਇਤਾ ਨਾਲ ਹੀ ਨੇਪਰੇ ਚਾੜ੍ਹੇ। ਜੇਕਰ ਆਪ ਨੂੰ ਯੁੱਧ ਭੂਮੀ' ਵਿਚ ਵੀ ਜਾਣਾ ਪਿਆ ਤਾਂ ਮੁਖੋਂ ਵਾਹਿਗੁਰੂ ਦਾ ਨਾਮ ਹੀ ਉਚਾਰਿਆ। ਆਪ ਐਸੇ ਰਹੱਸ-ਵਾਦੀ ਸਨ, ਜਿਨ੍ਹਾਂ ਦਾ ਧਰਮ, ਉਨ੍ਹਾਂ ਦੇ ਨਿਤ-ਕਰਮ ਵਿਚੋਂ ਝਲਕਾਂ ਮਾਰਦਾ ਸੀ। ਆਪ ਨੇ ਲਿਖਿਆ ਹੈ -

*ਧੰਨ ਜੀਓ ਤਿਹ ਕੋ ਜਗ ਮੈ, ਮੁੱਖ ਤੇ ਹਰਿ, ਚਿੱਤ ਮੈ ਜੁਧੁ ਬਿਚਾਰੈ॥*
*ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ ਭਵਸਾਗਰ ਤਾਰੈ॥*
*ਧੀਰਜ ਧਾਮ ਬਨਾਇ ਇਹੈ ਤਨ, ਬੁੱਧਿ ਸੁ ਦੀਪਕ ਜਿਉ ਉਜੀਆਰੈ॥*
*ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥੨੪੯੨॥* *(ਕ੍ਰਿਸ਼ਨਾ ਅਵਤਾਰ)*

ਇਸੇ ਦ੍ਰਿਸ਼ਟੀਕੋਣ ਸਦਕਾ ਗੁਰੂ ਸਾਹਿਬ ਨੇ ਘਮਸਾਨ ਦੀਆਂ ਲੜਾਈਆਂ ਸਮੇਂ ਵੀ ਆਪਣਾ ਨਿਤ-ਨੇਮ ਤੇ ਸਤ-ਸੰਗਤ ਦੇ ਜੋੜ-ਮੇਲ ਨੂੰ ਕਦੇ ਨਹੀਂ ਤਿਆਗਿਆ। ਇਸ ਦਾ ਪ੍ਰਮਾਣ ਇਤਿਹਾਸ 'ਚੋਂ ਮਿਲ ਜਾਂਦਾ ਹੈ। ਆਨੰਦਪੁਰ ਸਾਹਿਬ ਛੱਡਣ ਸਮੇਂ ਜਦੋਂ ਗੁਰੂ ਸਾਹਿਬ ਆਪਣੇ ਸਿੰਘਾਂ ਨਾਲ ਅੱਗੇ ਵਧ ਰਹੇ ਸਨ ਤੇ ਸ਼ਤਰੂ-ਫੌਜਾਂ ਪਿੱਛਾ ਕਰ ਰਹੀਆਂ ਸਨ ਤਾਂ ਵੀ ਗੁਰੂ ਸਾਹਿਬ ਨੇ ਅੰਮ੍ਰਿਤ ਵੇਲੇ ਦਾ ਸਤਿਸੰਗ ਨਹੀਂ ਖੁੰਝਾਇਆ, ਸਗੋਂ ਸੰਗਤ ਦੇ ਰੂਪ ਵਿਚ ਜੁੜ ਕੇ ਨਿੱਤ-ਨੇਮ ਤੇ ਅਰਦਾਸ ਕੀਤੀ। ਹਾਲਾਤ ਭਾਵੇਂ ਕਿੰਨੇ ਵੀ ਅਣ-ਸੁਖਾਵੇਂ ਹੋਏ, ਪਰ ਗੁਰੂ ਸਾਹਿਬ ਨੇ ਆਤਮਾ ਦੀਆਂ ਅਧਿਆਤਮਕ- ਲੋੜਾਂ ਦੀ ਕੁਰਬਾਨੀ ਕਦੇ ਵੀ ਨਹੀਂ ਦਿੱਤੀ, ਕਿਉਂਕਿ ਉਨ੍ਹਾਂ ਦਾ ਉਪਦੇਸ਼ ਸੀ ਕਿ ਔਖੇ ਸਮੇਂ ਉਤੇ ਕੇਵਲ ਅਧਿਆਤਮਕ ਭੋਜਨ ਹੀ ਮਨੁਖ ਦੀ ਤ੍ਰਿਪਤੀ ਕਰ ਸਕਦਾ ਹੈ। ਆਪ ਨੇ ਸਮੁੱਚੀ ਜ਼ਿੰਦਗੀ ਅਕਾਲ ਪੁਰਖ ਨੂੰ ਸਮਰਪਣ ਕੀਤੀ ਹੋਈ ਸੀ। ਉਹ ਤ੍ਰਿਸ਼ਨਾਵਾਂ, ਲਾਲਸਾਵਾਂ, ਹਉਮੈ ਆਦਿ ਤੋਂ ਬਿਲਕੁਲ ਮੁਕਤ ਸਨ। ਇਸੇ ਲਈ ਉਹ ਹੱਦ ਦਰਜੇ ਦੇ ਨਿਰਮਾਣ ਸਨ। ਆਪ ਨੇ ਆਪਣੀ ਰਚਨਾ ਵਿਚ ਆਪਣੇ ਲਈ 'ਕੀਟ', 'ਦਾਸ' ਤੇ 'ਸੇਵਕ' ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਜਦੋਂ ਕਦੀ ਬਦੋ-ਬਦੀ ਗੱਲ ਪਈਆਂ ਲੜਾਈਆਂ ਵੀ ਜਿੱਤੀਆਂ ਤਾਂ ਵੀ ਉਨ੍ਹਾਂ ਨੂੰ ਆਪਣੀ ਜਿੱਤ ਨਹੀਂ ਕਿਹਾ, ਸਗੋਂ ਅਕਾਲ ਪੁਰਖ ਦੀ ਕਿਰਪਾ ਮੰਨੀ। ਜਦੋਂ ਅਤਿ-ਖ਼ਤਰਨਾਕ ਹਾਲਾਤ ਵਿਚੋਂ ਸੁਰੱਖਿਅਤ ਨਿਕਲੇ ਤਾਂ ਵੀ ਇਸ ਨੂੰ ਵਾਹਿਗੁਰੂ ਦੀ ਬਖ਼ਸ਼ਸ਼ ਪ੍ਰਵਾਨਿਆ। ਆਪ ਦਾ ਫੁਰਮਾਨ ਹੈ -

*ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥੩੪॥*
*(ਬਚਿੱਤ੍ਰ ਨਾਟਕ, ਅਧਿ: ੮)*

ਇਕ ਹੋਰ ਥਾਂ ਆਪਣੀ ਨਿਮ੍ਰਤਾ' ਦਾ ਪ੍ਰਗਟਾਵਾ ਇਨ੍ਹਾਂ ਸ਼ਬਦਾਂ ਵਿਚ ਕੀਤਾ -

*ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋਂ ਸੋ॥*
*ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਰ ਕਹੂੰ ਕੋਊ ਮੋ*

*ਸੋ॥*
*ਸੇਵ ਕਰੀ ਤੁਮਰੀ ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋ ਸੋ॥*
*ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ, ਭਾਰੀ ਭੁਜਾਨ ਕੋ ਭਾਰੀ ਭਰੋਸੋ॥੯੨॥ (ਬਚਿਤ੍ਰ ਨਾਟਕ, ਅਧਿ: ੧)*

ਉਨ੍ਹਾਂ ਦੀਆਂ ਨਜ਼ਰਾਂ ਵਿਚ ਹਰ ਸ਼ੁਭ ਕੰਮ ਅਕਾਲ ਪੁਰਖ ਦੇ ਚਰਨਾਂ ਵਿਚ ਨਿਮਾਣੀ ਜਿਹੀ ਭੇਂਟ ਤੁੱਲ ਹੁੰਦਾ ਹੈ। ਇਹ ਗੱਲ ਉਨ੍ਹਾਂ ਦੀ ਇਸ ਆਦਰਸ਼ਕ ਸਵੱਯੇ' ਤੋਂ ਭਲੀ ਭਾਂਤ ਉਜਾਗਰ ਹੋ ਜਾਂਦੀ ਹੈ –

*ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥*
*ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋ॥*
*ਅਰੁ ਸਿਖ ਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ॥*
*ਜਬ ਆਵ ਕੀ ਅਉਧ ਨਿਧਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ॥੨੩੧॥ (ਚੰਡੀ ਚਰਿਤ੍ਰ)*

ਗੁਰੂ ਸਾਹਿਬ ਦੇ ਕੀਤੇ ਮਹਾਨ ਕਾਰਜ ਉਨ੍ਹਾਂ ਦੇ ਨਿਜਤਵ ਵਾਸਤੇ ਨਹੀਂ ਸਨ ਹੁੰਦੇ, ਤੇ ਨਾ ਉਹ ਉਨ੍ਹਾਂ ਤੋਂ ਕੋਈ ਜਸ ਜਾਂ ਵਡਿਆਈ ਆਪਣੇ ਨਾਂ ਨਾਲ ਜੋੜਦੇ ਸਨ, ਸਗੋਂ ਆਪ ਦੀਆਂ ਨਜ਼ਰਾਂ ਵਿਚ ਕੀਤੇ ਸਭ ਕਾਰਜ ਲੋਕ-ਭਲਾਈ ਲਈ ਹੀ ਹਨ। ਆਪ ਨੇ ਲੋਕਾਂ ਲਈ ਨੌਂ ਸਾਲਾਂ ਦੀ ਕਿਸ਼ੋਰ ਅਵਸਥਾ ਵਿਚ ਆਪਣੇ ਸਤਿਕਾਰ ਯੋਗ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕੁਰਬਾਨੀ ਦੇਣ ਲਈ ਬੇਨਤੀ ਕੀਤੀ। ਆਪਣੇ ਦੋ ਸਾਹਿਬਜ਼ਾਦੇ ਚਮਕੌਰ ਵਿਚ ਆਪਣੀਆਂ ਨਜ਼ਰਾਂ ਸਾਹਮਣੇ ਮੈਦਾਨ ਵਿਚ ਸ਼ਹੀਦ ਹੁੰਦੇ ਵੇਖੇ ਤੇ ਸੱਤ ਅਤੇ ਨੌਂ ਸਾਲਾਂ ਦੇ ਦੋ ਮਾਸੂਮ ਬੱਚੇ ਧਰਮ ਦੀ ਖ਼ਾਤਰ ਨੀਂਹ ਵਿਚ ਚਿਣਵਾ ਕੇ 'ਕੌਮੀ-ਮਹਿਲ ਦੀਆਂ ਨੀਹਾਂ ਪੱਕੀਆਂ ਕੀਤੀਆਂ। ਸਤਿਕਾਰ ਯੋਗ ਮਾਤਾ ਜੀ, ਜਾਨ ਤੋਂ ਪਿਆਰੇ ਅਨੇਕਾਂ ਸਿੱਖ, ਦੇਸ਼ ਤੋਂ ਵਾਰੇ, ਸਭ ਕੁਝ ਲੁਟਾ ਕੇ ਵੀ ਸਦਾ ਦੀ ਤਰ੍ਹਾਂ ਚੜ੍ਹਦੀਆਂ ਕਲਾਂ 'ਚ ਰਹੇ। ਸਖ਼ਤ ਔਕੜਾਂ ਤੇ ਭਿਆਨਕ ਮੁਸ਼ਕਿਲਾਂ ਸਮੇਂ ਵੀ ਉਨ੍ਹਾਂ ਦੇ ਚਿਹਰੇ ਤੇ ਉਦਾਸੀ ਜਾਂ ਨਿਰਾਸ਼ਾ ਦੀਆਂ ਰੇਖਾਵਾਂ ਨਹੀਂ ਵੇਖੀਆਂ ਗਈਆਂ। ਇਕ ਸੱਚੇ ਕਰਮ-ਯੋਗੀ ਵਾਂਗ ਉਨ੍ਹਾਂ ਦੇ ਸਾਹਮਣੇ ਜਿੱਤ ਜਾਂ ਹਾਰ, ਸਤਿਕਾਰ ਜਾਂ ਤ੍ਰਿਸਕਾਰ, ਖੁਸ਼ੀ ਜਾਂ ਗ਼ਮੀ, ਸੁੱਖ ਜਾਂ ਦੁੱਖ, ਸ਼ਾਹੀ ਠਾਠ ਤੇ ਨੰਗੇ ਪੈਰੀਂ ਜੰਗਲਾਂ ਵਿਚ ਵਿਚਰਨ ਦਾ ਅੰਤਰ ਨਹੀਂ ਸੀ। ਉਹ ਕੁਰਬਾਨੀ ਦੇ ਮੁਜੱਸਮੇ ਸਨ। ਸਮਰੱਥ ਸਤਿਗੁਰੂ ਨੇ ਆਪਣਾ ਸਭ ਕੁਝ ਦੇਸ਼ ਤੇ ਧਰਮ ਲਈ ਵਾਰ ਦਿੱਤਾ। ਉਹ ਆਪਣਾ ਤਾਂ ਕੁਝ ਵੀ ਨਹੀਂ ਸਨ ਸਮਝਦੇ। ਉਨ੍ਹਾਂ ਦਾ ਨਿਸਚਾ ਜੋ ਕਿਛੁ ਸੀ ਸੋ 'ਤੇਰਾ' ਵਿਚ ਪਰਪੱਕ ਸੀ। ਇਕ ਵਾਰੀ ਇਕ ਵਿਅਕਤੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਉਹ ਆਪਣੀ ਅਖੌਤੀ ਨੀਵੀਂ ਜਾਤ 'ਕਲਾਲ' ਸਮਝ ਕੇ ਦੂਰ ਹੀ ਖੜਾ ਰਿਹਾ। ਗੁਰੂ ਸਾਹਿਬ ਨੇ ਉਸ ਨੂੰ ਆਪਣੇ ਪਾਸ ਬੁਲਾ ਕੇ ਗਲਵਕੜੀ ਵਿਚ ਲਿਆ ਤੇ ਕਿਹਾ, ਤੂੰ 'ਕਲਾਲ' ਨਹੀਂ, 'ਗੁਰੂ ਦਾ ਲਾਲ' ਹੈ। ਜ਼ਾਤ ਦੇ ਅਖੌਤੀ ਭੇਦ-ਭਾਵ ਨੂੰ ਮਿਟਾਉਣ ਦੀ ਇਸ ਤੋਂ ਵਧੀਆ ਮਿਸਾਲ ਇਤਿਹਾਸ 'ਚੋਂ ਮਿਲਣੀ ਮੁਸ਼ਕਿਲ ਹੈ। ਗੁਰੂ ਸਾਹਿਬ ਮਨ, ਬਚਨ ਤੇ ਕਰਮ ਕਰਕੇ ਸੱਚ-ਸਰੂਪ ਸਨ। ਆਪ ਲਈ ਧਨ, ਦੌਲਤ, ਨਾਮਣਾ, ਸੁਹੱਪਣ ਤੇ ਪ੍ਰਤਿਭਾ ਆਦਿ ਵਡਿਆਈਆਂ ਸਭ ਤੁੱਛ ਸਨ, ਕਿਉਂਕਿ ਇਹ ਸਭ ਬਿਨਸਨਹਾਰ ਹਨ। ਸੱਚ ਦਾ ਰਸਤਾ ਫੁੱਲਾਂ ਨਾਲ ਸ਼ਿੰਗਾਰਿਆ ਨਹੀਂ ਹੁੰਦਾ, ਸਗੋਂ ਕੰਡਿਆਂ ਨਾਲ ਭਰਪੂਰ ਹੁੰਦਾ ਹੈ। ਇਸ ਰਾਹ 'ਤੇ ਚੱਲਣ ਵਾਲਿਆਂ ਨੂੰ ਔਕੜਾਂ, ਮੁਸ਼ਕਲਾਂ ਤੇ ਮੁਸੀਬਤਾਂ ਦਾ ਟਾਕਰਾ ਕਰਨਾ ਪੈਂਦਾ ਹੈ। ਪਰ ਮਨੁੱਖੀ-ਜੀਵਨ ਦਾ ਮੁੱਢਲਾ-ਸੱਚ ਇਹੋ ਹੀ ਹੈ। ਜੋ ਇਸ ਮੁੱਢਲੇ-ਸੱਚ ਤੋਂ ਅੱਖਾਂ ਮੀਟ ਲੈਂਦੇ ਹਨ, ਉਹ ਸਫਲਤਾਵਾਂ ਪ੍ਰਾਪਤ ਨਹੀਂ ਕਰ ਸਕਦੇ। ਉਹ ਤਾਂ ਫ਼ਰਜ਼ਾਂ ਨਾਲੋਂ ਹੱਕਾਂ ਉਤੇ ਬਹੁਤਾ ਨਿਰਭਰ ਕਰਦੇ ਹਨ। ਸਮਾਜਿਕ ਖੇਤਰ ਵਿਚ ਸਫਲ ਸੇਵਾ ਕਰਨ ਵਾਸਤੇ ਨਿਧੜਕ ਆਗੂ ਨੂੰ ਬੇਗਰਜ਼ ਸਾਥੀਆਂ ਦੀ, ਜੋ ਹਰ ਪ੍ਰਕਾਰ ਜਾਗਰੂਕ ਹੋਣ ਤੇ ਆਪਣੇ ਆਗੂ ਦੇ ਕਹੇ ਤੇ ਕੁਰਬਾਨੀ ਦੇਣ ਨੂੰ ਤਿਆਰ ਹੋਣ, ਹਰ ਸਮੇਂ ਲੋੜ ਹੁੰਦੀ ਹੈ। ਭਾਰਤ ਨੂੰ ਉਸ ਸਮੇਂ ਐਸੇ ਆਗੂ ਦੀ ਲੋੜ ਸੀ, ਜੋ ਨਾ-ਕੇਵਲ ਨਿਰਣਾਇਕ ਹੋਵੇ, ਸਗੋਂ ਉਸ ਦੀ ਦੂਰਦਰਸ਼ਤਾ, ਵਿਸ਼ਵਾਸ ਤੇ ਭਾਵਨਾਵਾਂ ਗਤੀਸ਼ੀਲ ਹੋਣ। ਉਹ ਵਾਹਿਗੁਰੂ ਤੇ ਉਸ ਦੀ ਖ਼ਲਕਤ ਨਾਲ ਪ੍ਰੇਮ ਕਰਨ ਵਾਲਾ ਹੋਵੇ ਤਾਂ ਹੀ ਉਹ ਆਪਣੇ ਉੱਤੇ ਯਕੀਨ ਲਿਆਉਣ ਵਾਲਿਆਂ ਨੂੰ, ਧਰਾਤਲ ਤੋਂ ਡਿਗਿਆਂ ਹੋਇਆਂ ਨੂੰ, ਉਠਾ ਕੇ ਸਾਵਧਾਨ ਕਰ ਸਕਦਾ ਹੈ।

ਇਹ ਸਾਰੀਆਂ ਹੀ ਖੂਬੀਆਂ ਗੁਰੂ ਸਾਹਿਬ ਦੀ ਜ਼ਾਤ ਵਿਚ ਸਨ। ਆਪ ਨੇ ਭਾਰਤ ਦੇ ਇਤਿਹਾਸ ਵਿਚ ਬੜੀ ਸੂਝ ਤੇ ਦਲੇਰੀ ਨਾਲ ਪ੍ਰਵੇਸ਼ ਕੀਤਾ ਤੇ ਉਸ ਸਾਮਰਾਜ ਨੂੰ ਚੁਣੌਤੀ ਦਿੱਤੀ, ਜੋ ਅਜਿੱਤ ਸਮਝਿਆ ਜਾਂਦਾ ਸੀ। ਆਪ ਨੇ ਐਸਾ ਇਤਿਹਾਸ ਸਿਰਜਿਆ, ਜਿਸ ਵਿਚ ਧਰਮ ਤੇ ਦੇਸ਼ ਖ਼ਾਤਰ ਰਿਕਾਰਡ ਕੁਰਬਾਨੀਆਂ ਕੀਤੀਆਂ ਗਈਆਂ। ਨਿਸਚੇ-ਭਰੀ ਜਿੱਤ, ਕੁਰਬਾਨੀ ਤੇ ਸ਼ਰਧਾ ਭਗਤੀ ਦੇ ਮਿਲੇ-ਜੁਲੇ ਪ੍ਰਭਾਵਾਂ ਨੇ ਬਹੁਤ ਸਾਰੇ ਲੋਕਾਂ ਨੂੰ ਦੇਸ਼-ਭਗਤ ਯੋਧੇ

ਬਣਾ ਦਿੱਤਾ। ਗੁਰੂ ਪਾਤਸ਼ਾਹ ਆਪ ਸਿੰਘ (ਸ਼ੇਰ) ਸਨ ਤੇ ਉਨ੍ਹਾਂ ਸਿੰਘਾਂ ਦੀ ਕੌਮ ਬਣਾ ਦਿੱਤੀ। ਆਪ ਜਦੋਂ ਗਰਜਦੇ ਸਨ ਤਾਂ ਗੀਧੀਆਂ ਦੇ ਪ੍ਰਾਣ ਖੁਸ਼ਕ ਹੋ ਜਾਂਦੇ ਸਨ। ਆਪ ਨੇ ਸਿੱਖਾਂ ਦੇ ਸਰਬ-ਪੱਖੀ ਵਿਕਾਸ ਲਈ ਮਜ਼ਬੂਤ ਇਖ਼ਲਾਕ ਤੇ ਅਧਿਆਤਮਕ-ਨੀਹਾਂ ਉਤੇ ਉਸਾਰੀ ਕੀਤੀ ਸੀ, ਤਾਂ ਹੀ ਕਵੀਆਂ ਨੇ ਉਨ੍ਹਾਂ ਦਾ ਅਟੱਲ ਵਿਸ਼ਵਾਸ ਦਰਸਾਂਦਿਆਂ ਕਿਹਾ, 'ਚਿੜੀਓਂ ਸੇ ਮੈਂ ਬਾਜ ਤੁੜਾਊਂ, ਤਬੀ ਗੋਬਿੰਦ ਸਿੰਘ ਨਾਮ ਕਹਾਊਂ।'

ਨਿੱਡਰਤਾ ਗੁਰੂ ਜੀ ਦੇ ਜੀਵਨ ਦੀ ਮੁੱਖ ਸੁਰ ਸੀ। ਉਨ੍ਹਾਂ ਨੇ ਕਮਜ਼ੋਰਾਂ ਤੇ ਡਰਪੋਕਾਂ ਨੂੰ ਨਿਡਰ ਤੇ ਯੋਧੇ ਬਣਾ ਦਿੱਤਾ ਸੀ। ਆਪ ਦੀ ਬੇਮਿਸਾਲ ਦੇਸ਼-ਭਗਤੀ, ਔਕੜਾਂ ਨਾਲ ਜੂਝਣ ਦੀ ਸ਼ਕਤੀ, ਬੁਰਾਈ ਨਾਸ਼ ਕਰਨ ਦਾ ਨਿਸਚਾ ਤੇ ਹਰ ਹਾਲਤ ਵਿਚ ਖਿੜੇ ਮੱਥੇ ਰਹਿਣ ਦੀ ਅਭਿਲਾਸ਼ਾ ਨੇ ਉਨ੍ਹਾਂ ਦੇ ਅਨੁਆਈਆਂ ਅੰਦਰ ਉਨ੍ਹਾਂ ਵਾਸਤੇ ਅਲੌਕਿਕ ਪਿਆਰ ਤੇ ਸਤਿਕਾਰ ਪੈਦਾ ਕਰ ਦਿੱਤਾ ਸੀ। ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਆਪ ਦੇ ਸਿੱਖ, ਆਪ ਜੀ ਦੀ ਮਹਾਨ ਸ਼ਖਸੀਅਤ ਤੋਂ ਕਿਤਨੇ ਪ੍ਰਭਾਵਤ ਸਨ। ਲੱਖੀ ਜੰਗਲ ਵਾਲੀ ਝਾਕੀ ਸਿੱਖਾਂ ਦੀ ਗੁਰੂ ਸਾਹਿਬ ਪ੍ਰਤੀ ਅਪਾਰ ਸ਼ਰਧਾ ਦੀ ਲਾ-ਜੁਆਬ ਉਦਾਹਰਣ ਹੈ। ਗੁਰੂ ਸਾਹਿਬ ਦੇ ਆਪਣੇ ਸ਼ਬਦਾਂ ਵਿਚ ਇਹ ਦ੍ਰਿਸ਼ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ -

*ਲੱਖੀ ਜੰਗਲ ਖਾਲਸਾ ਆਇ ਦੀਦਾਰ ਕੀਤੋ ਨੇ॥*
*ਸੁਣ ਕੇ ਸਦ ਮਾਹੀ ਦੀ ਮੋਹੀ ਪਾਣੀ ਘਾਹ ਮੁਤੋ ਨੇ॥*
*ਕਿਸੇ ਨਾਲ ਨਾ ਰਲੀਆ ਕਾਈ, ਇਹ ਕੀ ਸ਼ੌਕ ਪਇਓਂ ਨੇਂ॥*
*ਗਿਆ ਫ਼ਿਰਾਕ ਮਿਲਿਆ ਮਿਤ ਮਾਹੀ, ਤਾਹੀਉਂ ਸ਼ੁਕਰ ਕੀਤੋ ਨੇਂ।*

ਸਿੱਖਾਂ ਦੇ ਦਿਲ ਵਿਚ ਗੁਰੂ ਸਹਿਬ ਲਈ ਕਿਤਨਾ ਸਤਿਕਾਰ ਤੇ ਪਿਆਰ ਸੀ, ਇਸ ਦੀ ਇਕ ਮਿਸਾਲ ਮਿਲਦੀ ਹੈ ਕਿ ਇਕ ਸਿੱਖ ਨੇ ਗੁਰੂ ਸਾਹਿਬ ਨੂੰ ਇਕ ਬੰਦੂਕ ਭੇਟ ਕੀਤੀ। ਚੋਜੀ-ਪ੍ਰੀਤਮ ਕਹਿਣ ਲੱਗੇ, ਮੈਂ ਇਸ ਬੰਦੂਕ ਦੀ ਪਰਖ ਕਰਨਾ ਚਾਹੁੰਦਾ ਹਾਂ, ਕੋਈ ਸਿੱਖ ਸਾਹਮਣੇ ਆਵੇ। ਇਕ ਨਹੀਂ, ਅਨੇਕਾਂ ਸਿੱਖ ਆਪਣੇ ਮਾਹੀ ਦੇ ਹਥੋਂ ਬੰਦੂਕ ਦਾ ਨਿਸ਼ਾਨਾ ਬਣਨ ਵਾਸਤੇ ਇਕ ਦੂਜੇ ਦੇ ਅੱਗੇ ਖੜੇ ਹੋਣ ਦੀ ਨਾ-ਕੇਵਲ ਕੋਸ਼ਿਸ਼ ਕਰਨ ਲੱਗੇ, ਸਗੋਂ ਆਪਸ 'ਚ ਲੜਨ ਲੱਗੇ। ਹਰ ਇਕ ਇਹੋ ਚਾਹੁੰਦਾ ਸੀ ਕਿ ਮੈਂ ਪਿਆਰੇ ਪ੍ਰੀਤਮ ਕਲਗੀ ਵਾਲੇ ਦੇ ਹਥੋਂ ਨਿਸ਼ਾਨਾ ਬਣਾਂ। ਹੈ ਕੋਈ ਹੋਰ ਐਸੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ?

ਅਤਿਆਚਾਰਾਂ ਤੇ ਤੀਬਰ ਵੇਦਨਾ ਸਮੇਂ ਸਿੱਖਾਂ ਅੰਦਰ ਆਪਣੇ ਧਰਮ ਤੇ ਅਕਾਲ ਪੁਰਖ ਦੀ ਮਹਿਮਾ ਖ਼ਾਤਰ ਅਤਿਆਚਾਰ ਸਹਿਣ ਕਰਨ ਤੇ ਮਰ-ਮਿਟਣ ਦੀ ਅਪਾਰ ਸਮਰੱਥਾ ਸੀ। ਨਾ-ਕੇਵਲ ਮਰਦ ਸਗੋਂ ਇਸਤ੍ਰੀਆਂ ਅਤੇ ਬੱਚੇ ਵੀ ਧਰਮ-ਯੁੱਧ ਵਿਚ ਜੂਝੇ। ਕਲਗੀਧਰ ਪਾਤਸ਼ਾਹ ਦੀ ਇਹ ਅੰਮ੍ਰਿਤ ਦੀ ਬਰਕਤ ਸੀ ਕਿ ਉਹ ਕੁਰਬਾਨੀਆਂ ਦੇਣ ਤੋਂ ਝਿਜਕਦੇ, ਥਿੜਕਦੇ ਤੇ ਡਰਦੇ ਹੀ ਨਹੀਂ ਸਨ, ਸਗੋਂ ਗਾਉਂਦੇ ਜਾਂਦੇ ਸਨ -

***ਸਿਰ ਜਾਇ ਤੇ ਜਾਇ, ਮੇਰਾ ਸਿੱਖੀ ਸਿਦਕ ਨਾ ਜਾਇ॥***

ਕਈ ਮੌਕੇ ਐਸੇ ਆਏ ਜਦੋਂ ਗੁਰੂ ਸਾਹਿਬ ਇਕੱਲੇ ਹੀ ਮੁਸ਼ਕਲਾਂ ਨਾਲ ਜੂਝਣ ਲਈ ਨਿਕਲ ਪੈਂਦੇ। ਉਨ੍ਹਾਂ ਦੇ ਹਿਰਦੇ ਵਿਚ ਅਕਾਲ ਪੁਰਖ ਲਈ ਅਥਾਹ ਪਿਆਰ, ਸਤਿਕਾਰ ਤੇ ਜਜ਼ਬਾ ਸੀ। ਇਕ ਵਾਰੀ ਗੁਰੂ ਸਾਹਿਬ ਨੂੰ ਬਿਲਕੁਲ ਇਕੱਲਾ ਫਿਰਦਿਆਂ ਵੇਖ ਕੇ ਇਕ ਫਕੀਰ ਨੇ ਆਖਿਆ, 'ਨਾ ਡੱਲਾ ਨਾ ਮੱਲਾ ਤੇ ਗੁਰੂ ਫਿਰੇ ਕੱਲਾ। ਗੁਰੂ ਸਾਹਿਬ ਮੁਸਕਰਾਏ ਤੇ ਕਹਿਣ ਲੱਗੇ, ਗੁਰੂ ਨਾਲ ਅੱਲ੍ਹਾ, ਗੁਰੂ ਕਦੇ ਵੀ ਨਾ ਕੱਲਾ।

ਐਸਾ ਫੌਲਾਦੀ ਵਿਅਕਤਿਤਵ ਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ, ਜਿਸਦੇ ਭਰੋਸੇ ਉਨ੍ਹਾਂ ਮੁਗਲ ਸਾਮਰਾਜ ਨਾਲ ਲੋਹਾ ਲਿਆ ਤੇ ਉਸਦਾ ਮਾਣ ਤੋੜਿਆ। ਔਕੜਾਂ ਸਗੋਂ ਉਨ੍ਹਾਂ ਦੇ ਇਰਾਦੇ ਨੂੰ ਹੋਰ ਪੱਕਿਆਂ ਕਰਦੀਆਂ ਸਨ। ਉਸ ਮਹਾਨ ਗੁਰੂ ਦੇ ਸਾਹਿਬਜ਼ਾਦੇ ਸਨ ਉਹ, ਜਿਨ੍ਹਾਂ ਨੇ ਆਪਣਾ ਸਿਰ ਤਾਂ ਦੇ ਦਿੱਤਾ ਪਰ ਇਰਾਦਾ ਨਹੀਂ ਸੀ ਛੱਡਿਆ, 'ਸੀਸ ਦੀਆ ਪਰ ਸਿਰਰੁ ਨ ਦੀਆ।

ਗੁਰੂ ਸਾਹਿਬ ਨੇ ਲੋਕਾਂ ਦੇ ਦਿਲਾਂ ਅੰਦਰ ਦੇਸ਼ ਲਈ ਪਿਆਰ ਦੀ ਭਾਵਨਾ ਉਜਾਗਰ ਕੀਤੀ। ਲੋਕਾਂ ਦੀ ਢਹਿੰਦੀ ਕਲਾ ਵਾਲੀ ਸੋਚਣੀ ਬਦਲੀ। ਉਨ੍ਹਾਂ ਨੇ ਦੇਸ਼-ਵਾਸੀਆਂ ਅੰਦਰ ਕੌਮਾਂਤਰੀ 'ਤੇ ਦੇਸ਼-ਭਗਤੀ ਦਾ ਜਜ਼ਬਾ ਜਗਾਇਆ ਤੇ ਜਨਤਾ ਦੀਆਂ ਕਮਜ਼ੋਰ ਹੱਡੀਆਂ ਵਿਚ ਮਰਦਊ ਸ਼ਕਤੀ ਭਰੀ। ਗੁਰੂ ਸਾਹਿਬ ਦਾ ਅਨੁਭਵ ਸੀ ਕਿ ਦੇਸ਼ ਵਿਚ ਵੱਸਦੇ ਲੋਕਾਂ ਦੀ ਰੁਚੀ ਧਾਰਮਿਕ ਤਾਂ ਹੈ, ਪਰ ਉਹ ਭੈ-ਗ੍ਰਸਤ ਹੋਣ ਕਰਕੇ ਨਿਘਰੇ ਹੋਏ ਹਨ। ਉਹ ਧਾਰਮਕ ਤਾਂ ਹਨ, ਪਰ ਕੌਮੀ ਨਹੀਂ। ਗੁਰੂ ਸਾਹਿਬ ਨੇ ਕੌਮੀਅਤ ਨੂੰ ਹੀ ਧਰਮ ਬਣਾ ਦਿੱਤਾ ਤੇ ਜੋ ਕੁਝ ਕੌਮੀਅਤ ਲਈ ਜ਼ਰੂਰੀ ਸੀ, ਉਹ ਸਭ ਕੁਝ ਨਵੀਂ ਕੌਮ ਦੇ ਧਰਮ ਵਿਚ ਸ਼ਾਮਲ ਕਰ ਦਿੱਤਾ। ਕਾਸ਼! ਗੁਰੂ ਸਾਹਿਬ ਨੂੰ ਭੁੱਲੜ ਦੇਸ਼ ਭਗਤ ਕਹਿਣ ਵਾਲਾ ਆਗੂ ਗੁਰੂ ਸਾਹਿਬ ਦੇ 'ਦਰਸ਼ਨ ਤੇ ਸਿਧਾਂਤ' ਨੂੰ ਸਮਝ ਸਕਦਾ!!

# ਦਸਮੇਸ਼ ਪਿਤਾ ਜੀ ਰਾਜ ਜੋਗੀ ਦੇ ਰੂਪ ਵਿਚ

*[ਪ੍ਰਿੰਸੀਪਲ ਸੱਜਣ ਸਿੰਘ ਜੀ]*

ਭਰਥਰੀ ਜਦ ਰਾਜਾ ਸੀ, ਜੋਗੀ ਨਹੀਂ ਸੀ, ਜਦ ਜੋਗੀ ਬਣਿਆ, ਰਾਜਾ ਨਹੀਂ ਰਹਿਆ। ਦੂਸਰੇ ਸ਼ਬਦਾਂ ਵਿਚ ਰਾਜਿਆਂ ਵਿੱਚ ਜੋਗੀਆਂ ਦੇ ਸ਼ੁਭ ਗੁਣ ਨਹੀਂ ਸਨ ਤੇ ਜੋਗੀ ਰਾਜਿਆਂ ਦੇ ਗੁਣਾਂ ਤੋਂ ਵਾਂਝੇ ਸਨ ਇਸੇ ਕਰਕੇ ਭਰਥਰੀ ਨੂੰ ਜੋਗ ਮਤ ਗ੍ਰਹਿਣ ਕਰਨ ਲਈ ਰਾਜ ਤਿਆਗਣਾ ਪਿਆ ਸੀ। ਐਸੇ ਗੁਣਾਂ ਦੇ ਤਾਲ ਮੇਲ ਦੀ ਘਾਟ ਕਰਕੇ ਦੋਨਾਂ ਵਰਗਾਂ ਵਿਚ ਦੀਰਘ ਪਾੜਾ ਉਤਪੰਨ ਹੋਇਆ ਸੀ, ਐਸਾ ਪਾੜਾ ਜਿਹੜਾ ਰਾਜਸੀ ਤੇ ਅਧਿਆਤਮਕ ਖੇਤਰ ਵਿੱਚ, ਵੱਖਵਾਦ ਨੂੰ ਹੋਰ ਵਧਾ ਰਿਹਾ ਸੀ। ਇਸ ਤਰ੍ਹਾਂ ਦੇ ਵਾਤਾਵਰਨ ਵਿੱਚ ਕੋਈ ਵੀ ਵਰਗ ਆਪਣੇ ਆਪ ਵਿੱਚ ਸੰਪੂਰਨ ਨਹੀਂ ਸੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਨਮ ਤੋਂ ਹੀ ਸੰਤ ਰੂਪ ਰਾਜਕੁਮਾਰ ਸਨ। ਬਾਲ ਅਵਸਥਾ ਦੇ ਸਮੇਂ ਆਪਣੇ ਸੰਗੀ ਸਾਥੀਆਂ ਨਾਲ ਟੋਲੀਆਂ ਬਣਾ ਕੇ ਬਨਾਵਟੀ ਲੜਾਈਆਂ ਲੜਨੀਆ, ਤੀਰ ਅੰਦਾਜ਼ੀ ਦੇ ਮੁਕਾਬਲੇ ਕਰਨੇ, ਗੁਲੇਲਿਆਂ ਨਾਲ ਨਿਸ਼ਾਨੇ ਲਾਉਣੇ, ਮੁਗਲ ਨਵਾਬਾਂ ਤੇ ਸਰਦਾਰਾਂ ਦੇ ਸਾਮ੍ਹਣੇ ਅਡਿਗ ਰਹਿਣਾ, ਇਕ ਬੇਪਰਵਾਹੀ ਤੇ ਬਾਦਸ਼ਾਹੀ ਜੀਵਨ ਦੀ ਝਲਕ ਸੀ। ਕੱਚੇ ਘੜਿਆਂ ਦੇ ਥਾਂ ਪਿੱਤਲ ਦੀਆਂ ਗਾਗਰਾਂ ਦੇਣ ਲਈ ਨਾਟਕ ਮਈ ਘਟਨਾ ਉਤਪੰਨ ਕੀਤੀ ਤੇ ਨਾ ਕੇਵਲ ਉਦਾਰਤਾ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਬਲਕਿ ਲੋੜਵੰਦਾਂ ਤੇ ਗਰੀਬਾਂ ਦਾ ਦਿਲ ਵੀ ਜਿੱਤਿਆ। ਤਿਆਗ ਦੀ ਭਾਵਨਾ ਏਨੀ ਸੀ ਕਿ ਮਾਇਆ ਜਾਂ ਕੀਮਤੀ ਪਦਾਰਥ ਵੀ ਆਪ ਦੇ ਮਨ ਨੂੰ ਆਕਰਖਤ ਨਹੀਂ ਕਰ ਸਕੇ। ਘਟਨਾ ਇਉਂ ਵਾਪਰੀ ਕਿ ਇਕ ਦਿਨ ਖੇਡਦਿਆਂ ਸੋਨੇ ਦਾ ਕੰਗਣ ਗੰਗਾ ਵਿੱਚ ਡਿੱਗ ਪਿਆ। ਮਾਤਾ ਜੀ ਦੇ ਪੁੱਛਣ ਤੇ ਆਪ ਜੀ ਨੇ ਦੂਸਰਾ ਕੰਗਣ ਉਸੇ ਥਾਂ ਤੇ ਸੁੱਟ ਦਿੱਤਾ ਜਿਸ ਥਾਂ ਤੇ ਪਹਿਲਾ ਕੰਗਣ ਡਿਗਿਆ ਸੀ।

ਅਕਾਲ ਪੁਰਖ ਦੇ ਚਰਨ ਕੰਵਲਾਂ ਨਾਲ ਪ੍ਰੀਤੀ, ਦਰਗਾਹੀ ਦਾਤ ਸੀ ਜਿਸ ਦੀ ਸਾਂਝ ਛੋਟਿਆਂ, ਵੱਡਿਆਂ ਸੱਭ ਨਾਲ ਕੀਤੀ। ਸ਼ਿਵ ਦੱਤ ਪੰਡਤ ਦੀ ਅਥਾਹ ਪ੍ਰੇਮਾ ਭਗਤੀ ਤੇ ਦਰਸ ਪਿਆਸ ਦੀ ਤੀਬਰਤਾ ਤੱਕ ਕੇ ਹਜ਼ੂਰ ਨੇ ਉਸ ਨੂੰ ਉਸ ਦੇ ਇਸ਼ਟ ਦੇ ਰੂਪ ਵਿੱਚ ਦਰਸ਼ਨ ਦੇ ਕੇ ਵਿਲੱਖਣ ਤੇ ਬਖਸ਼ਸ਼ ਭਰਿਆ ਰੂਹਾਨੀ ਕ੍ਰਿਸ਼ਮਾ ਦਿਖਾਇਆ ਤੇ ਉਸ ਦੇ ਵਿਸ਼ਵਾਸ ਵਿੱਚ ਪ੍ਰਪਕਤਾ ਬਖਸ਼ੀ। ਇਹ ਸੀ ਆਪ ਦੇ ਬਚਪਨ ਦਾ ਇਕ ਅਨੋਖਾ ਦਰਪਨ ਇਸ ਵਿਚੋਂ ਮਹਾਨ ਸ਼ਖਸੀਅਤ ਦਾ ਬਹੁਰੰਗੀ ਝਲਕਾਰਾ ਡਲਕਾ ਮਾਰਦਾ ਸੀ। ਮਾਤਾ ਜੀ ਭਲੀ ਭਾਂਤ ਜਾਣਦੇ ਸਨ ਕਿ ਲਾਡਲੇ ਸਪੁੱਤਰ ਦੀ ਕਥਨੀ ਮੌਜ ਭਰੀ ਤੇ ਕਰਨੀ ਚੋਜ ਭਰੀ ਹੈ, ਸੁੰਦਰ ਮੁਖੜੇ ਤੋਂ ਜਲਾਲ ਤੇ ਜਮਾਲ ਟਪਕਦਾ ਹੈ, ਚਿਹਰੇ ਤੋਂ ਅਕਾਲ ਪੁਰਖ ਦੀ ਜੋਤਿ ਚਮਕਦੀ ਦਿਖਾਈ ਦਿੰਦੀ ਹੈ, ਇਸ ਕਰਕੇ ਬਾਲਾ ਪ੍ਰੀਤਮ ਦੇ ਵਿਰੁੱਧ ਕਿਸੀ ਭੀ ਸ਼ਿਕਾਇਤ ਨੂੰ ਸੁਣ ਕੇ ਕ੍ਰੋਧ ਵਿਚ ਨਹੀਂ ਆਉਂਦੇ ਸਨ ਬਲਕਿ ਗੁੱਝੀ ਰਮਜ਼ ਦਾ ਪ੍ਰਗਟਾਵਾ ਸਮਝਦੇ ਸਨ। ਭਾਈ ਗੁਰਦਾਸ ਜੀ ਨੇ ਰਾਜੇ ਜਨਕ ਦੀ ਪ੍ਰਸ਼ੰਸਾ ਰਾਜ ਜੋਗੀ ਦੇ ਰੂਪ ਵਿਚ ਕੀਤੀ ਹੈ। ਅਕਾਲ ਪੁਰਖ ਨਾਲ ਜੁੜਿਆ ਰਾਜਾ ਮਾਇਆ ਵਿਚ ਰਹਿੰਦਿਆਂ ਮਾਇਆ ਤੋਂ ਨਿਰਲੇਪ ਸੀ। ਜਮਪੁਰੀ ਵਿਚ ਆਪਣਾ ਫਲ ਭੁਗਤਣ ਵਾਲੇ ਨਰਕ ਨਿਵਾਸੀਆ ਦੀ ਪੁਕਾਰ ਸੁਣ ਕੇ ਰਾਜੇ ਜਨਕ ਨੂੰ ਤਰਸ ਆਇਆ ਸੀ ਤੇ ਉਨ੍ਹਾਂ ਦੀ ਬੰਦ ਖਲਾਸੀ ਕਰਨ ਲਈ ਕੇਵਲ ਪਾਵਨ ਨਾਮ ਦੇ ਬਲ ਨਾਲ ਛੁਡਾਇਆ ਸੀ। ਆਪ ਦੇ ਬਚਨ ਹਨ –

*ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚ ਉਦਾਸੀ॥* *ਅੰਗ – ੧੦੫*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਕੀਤੇ ਵਿਚਾਰ-ਵਟਾਂਦਰੇ ਉਪਰੰਤ, ਅਸਲੀ ਜੋਗ ਦਾ ਭਾਵ, ਬਾਣੀ ਸਿਧ ਗੋਸਟਿ ਤੇ ਅੰਤ ਵਿਚ ਬਹੁਤ ਖੂਬਸੂਰਤ ਸ਼ਬਦਾਂ ਦੁਆਰਾ ਬਿਆਨ ਕੀਤਾ ਹੈ। ਆਪ ਜੀ ਦੇ ਕਥਨ ਅਨੁਸਾਰ

ਸੱਚਾ ਨਾਮ ਹੀ ਜੋਗ ਦਾ ਤੱਤ ਹੈ। ਜੇ ਨਾਮ ਨਹੀਂ ਤਾਂ ਸਾਰਾ ਜੋਗ ਫੋਕਟ ਤੇ ਖੋਖਲਾ ਹੈ।

*ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ॥*
*ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥*
*(ਸਿਧ ਗੋਸਿਟ-੯੪੬)*

ਜੇ ਕੋਈ ਸਤਿਗੁਰ ਦੀ ਵਡਿਆਈ ਹਿਰਦੇ ਵਿਚ ਵਸਾ ਕੇ ਪਾਵਨ ਦਰ ਤੇ ਆਏ ਤੇ ਸੱਚੇ ਜੋਗੀ ਦੀ ਪਰਖ ਪੁੱਛੇ ਤਾਂ ਉਸ ਨੂੰ ਇਹੋ ਉੱਤਰ ਮਿਲੇਗਾ।

*ਗਉੜੀ ਮਹਲਾ ੫॥*
*ਜੋਗ ਜੁਗਤਿ ਸੁਨਿ ਆਇਓ ਗੁਰ ਤੇ॥*
*ਮੋ ਕਉ ਸਤਿਗੁਰ ਸਬਦਿ ਬੁਝਾਇਓ॥੧॥*
*ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ॥*
*ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ॥*
*ਅੰਗ - ੨੦੮*

ਅਰਥਾਤ ਪੰਜ ਵਿਕਾਰਾਂ ਨੂੰ ਕਾਬੂ ਵਿੱਚ ਰੱਖਣ ਵਾਲੇ ਤੇ ਦਸ ਇੰਦ੍ਰੀਆ (ਪੰਜ ਗਿਆਨ ਇੰਦ੍ਰੀਆਂ ਤੇ ਪੰਜ ਕਰਮ ਇੰਦ੍ਰੀਆਂ) ਨੂੰ ਆਗਿਆ ਵਿਚ ਰੱਖਣ ਵਾਲੇ ਜੀਵ ਨੂੰ ਹੀ ਨਿਰਮਲ ਜੋਗੀ ਆਖਿਆ ਜਾ ਸਕਦਾ ਹੈ। ਰਾਜ ਜੋਗ ਦਾ ਸਰਲ ਭਾਵ, ਰਾਜੇ ਦੇ ਦੈਵੀ ਗੁਣਾਂ ਤੇ ਜੋਗੀ ਦੇ ਦੈਵੀ ਗੁਣਾਂ ਦਾ ਸੁਮੇਲ ਹੈ। ਮਾਇਆ ਵਿਚ ਨਿਰਲੇਪਤਾ, ਰਾਜਸੀ ਕਾਰੋਬਾਰ ਵਿਚ ਨਾਮ ਵਿਚ ਲਿਵਲੀਨਤਾ, ਬਾਦਸ਼ਾਹੀ ਠਾਠ-ਬਾਠ ਵਿਚ ਤਿਆਗ ਦੀ ਭਾਵਨਾ, ਆਦਿਕ ਰਾਜ-ਜੋਗੀ ਦੇ ਲੱਛਣ ਹਨ। ਅਜਿਹਾ ਰਾਜ-ਜੋਗੀ ਸੂਰਤ ਵਿਚ ਬਾਦਸ਼ਾਹ ਤੇ ਸੀਰਤ ਵਿੱਚ ਦਰਵੇਸ਼ ਹੁੰਦਾ ਹੈ। ਇਸ ਤਰਾਂ ਦੀ ਪਾਵਨ ਸ਼ਖਸੀਅਤ ਦੀ ਨੂਰਾਨੀ ਸੂਰਤ ਤੱਕਣ ਵਾਲੀ ਔਖ, ਇਸ ਦੀ ਗੁਹਜ ਕਲਾ ਸਮਝਣ ਵਾਲੀ ਬੁੱਧੀ, ਇਸ ਦੇ ਗੁਣ ਗਾਉਣ ਵਾਲੀ ਰਸਨਾ ਤੇ ਲਿਖਤੀ ਰੂਪ ਦੇਣ ਵਾਲੀ ਲੇਖਣੀ ਪ੍ਰਾਪਤ ਕਰਨ ਦਾ ਸੁਭਾਗ ਭੱਟਾਂ ਨੂੰ ਨਸੀਬ ਹੋਇਆ ਸੀ। ਇਨ੍ਹਾਂ ਨੇ ਅਥਾਹ ਸ਼ਰਧਾ ਤੇ ਪ੍ਰੇਮ ਭਾਵਨਾ ਨਾਲ ਪਹਿਲੇ ਪੰਜ ਗੁਰੂ ਵਿਅਕਤੀਆਂ ਦੀ ਉਪਮਾ ਕੀਤੀ। ਰਾਜ-ਜੋਗ ਦੇ ਬਾਰੇ ਇਨਾਂ ਦੇ ਬਚਨ ਹਨ -

*ਰਾਜ ਜੋਗੁ ਮਾਣਿਓ ਬਿਸਓ ਨਿਰਵੈਰੁ ਰਿਦੰਤਰਿ॥*
*ਸ੍ਰਿਸਟਿ ਸਗਲ ਉਧਰੀ, ਨਾਮਿ ਲੇ ਤਰਿਓ ਨਿਰੰਤਰਿ॥*
*ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ॥*
*ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ॥*
*ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ॥*
*ਹਰਿ ਨਾਮ ਰਸਿਕ ਨਾਨਕ ਗੁਰ ਰਾਜ ਜੋਗੁ ਤੈ ਮਾਣਿਓ॥੬॥*
*ਅੰਗ - ੧੩੮੯-੯੦*

ਗੁਰੂ ਨਾਨਕ ਘਰ ਦੇ ਰਾਜ ਦੀ ਵਿਲੱਖਣਤਾ ਤੇ ਸ੍ਰੇਸ਼ਟਤਾ ਆਪਣੇ ਸਰੂਪ, ਗੁਣਾਂ ਤੇ ਕਰਨੀ ਕਰਕੇ ਹੈ। ਇਸ ਰਾਜ ਦੀ ਸਥਾਪਨਾ ਤੇ ਉਸਾਰੀ ਸੱਚ ਦੀ ਨੀਂਵ ਤੇ ਹੋਈ ਹੈ, ਉਹ ਸੋਚ ਜਿਸ ਬਾਰੇ ਸਤਿਗੁਰ ਦਾ ਫੁਰਮਾਨ ਹੈ -

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*
*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥*
*ਅੰਗ - ੯੬੬*

ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ ਇਹ ਰਾਜ ਸਦੀਵੀ ਤੇ ਅਬਿਚਲ ਹੈ, ਜਿਸ ਨੂੰ ਦੁਨੀਆਂ ਦੀ ਕੋਈ ਸ਼ਕਤੀ ਹਿਲਾ ਨਹੀਂ ਸਕਦੀ। ਜਿਸ ਤਖਤ ਤੇ ਗੁਰੂ ਸਾਹਿਬਾਨ ਸਸ਼ੋਭਤ ਹਨ, ਉਹ ਅਡੋਲ ਤੇ ਅਹਿੱਲ ਹੈ।

*ਨਿਹਚਲ ਸਚਾ ਤਖਤੁ ਹੈ,*
*ਅਬਿਚਲ ਰਾਜ ਨ ਹਲੈ ਹਲਿਆ॥*

ਸਮਾਂ ਤੇ ਹਾਲਾਤ ਬਦਲਦੇ ਰਹੇ ਪਰ ਇਸ ਰਾਜ ਵਿਚ ਕੋਈ ਪਰਿਵਰਤਨ ਨਹੀਂ ਹੋਇਆ। ਪਰ ਦਸਵੇਂ ਨਾਨਕ ਦੇ ਸਮੇਂ ਇਸ ਵਿਚ ਜਿਹੜਾ ਵਾਧਾ ਹੋਇਆ ਹੈ, ਉਸ ਨੇ ਤਖਤ ਦੀ ਸ਼ਾਨੋ ਸ਼ੌਕਤ ਤੇ ਸ਼ੋਭਾ ਨੂੰ ਅਰਸ਼ਾਂ ਤੱਕ ਪਹੁੰਚਾ ਕੇ ਸਾਰੇ ਸੰਸਾਰ ਨੂੰ ਚਕ੍ਰਿਤ ਕੀਤਾ ਹੈ। ਭਾਈ ਨੰਦ ਲਾਲ ਕਹਿੰਦੇ ਹਨ ਕਿ ਜਿਸ ਤਖਤ ਤੇ ਗੁਰੂ ਗੋਬਿੰਦ ਸਿੰਘ ਜੀ ਬਿਰਾਜਮਾਨ ਹਨ, ਉਸ ਦੀ ਵਡਿਆਈ ਬਹੁਤ ਵੱਡੀ ਹੈ। ਐਸੇ ਤਖਤ ਦੇ ਮਾਲਕ ਗੁਰਦੇਵ ਜੀ ਦੀ ਪਹੁੰਚ ਅਕਾਲ ਪੁਰਖ ਦੀ ਦਰਗਾਹ ਤੱਕ ਹੈ।

*ਤਖਤਿ ਬਾਲਾ ਜ਼ੇਰਿ ਗੁਰੂ ਗੋਬਿੰਦ ਸਿੰਘ॥*
*ਲਾ ਮਕਾਨੇ ਸੈਰ ਗੁਰੁ ਗੋਬਿੰਦ ਸਿੰਘ॥੧੪੨॥*
*(ਤੌਸੀਫੋਂ ਸਨਾ)*

ਰਾਜੇ ਦੀ ਉਚ-ਪਦਵੀ ਤੇ ਸਤਿਕਾਰ ਨੂੰ ਮੁੱਖ ਰੱਖਦਿਆਂ, ਉਸ ਦੇ ਸਿਰ ਤੇ ਛਤ੍ਰ ਝੁਲਾਉਣ ਦੀ ਪਰੰਪਰਾ ਚੱਲਦੀ ਆਈ ਹੈ। ਪਾਤਸ਼ਾਹਾਂ ਤੇ ਛਤ੍ਰ ਝੁਲਦੇ ਹੀ ਸਨ।

*ਪਾਤਿਸਾਹੁ ਛਤ੍ਰ ਸਿਰ ਸੋਊ॥*
*ਨਾਨਕ ਦੂਸਰ ਅਵਰੁ ਨ ਕੋਊ॥ ਅੰਗ - ੨੫੮*

'ਬਾਰਹ ਜੋਜਨ ਛਤ੍ਰ ਚਲੈ ਥਾ' ਹੰਕਾਰੀ ਦੁਰਯੋਧਨ ਤੇ ਵਿਸ਼ਾਲ ਘੇਰੇ ਵਾਲੇ ਰਾਜ ਨੂੰ ਲਖਾਉਂਦਾ ਹੈ। ਪਰ ਜਿਹੜਾ ਛਤ੍ਰ ਸਚੇ ਪਾਤਸ਼ਾਹ ਦੇ ਸੀਸ ਤੇ ਝੁੱਲਦਾ ਸੀ, ਉਹ ਅਤਿਆਚਾਰ ਦਾ ਚਿੰਨ੍ਹ ਨਹੀਂ ਸੀ, ਤੜਪਦੀਆਂ ਰੂਹਾਂ ਨੂੰ ਠੰਢ ਵਰਤਾਉਣ ਤੇ ਸ਼ਾਂਤੀ ਪ੍ਰਦਾਨ ਕਰਨ ਦੀ ਕਲਾ ਵਾਲਾ ਸੀ। ਛਤ੍ਰ ਝੁਲਾਉਣ ਵਾਲੇ ਨੌਕਰ ਨਹੀਂ ਸਨ, ਸੇਵਕ ਸਨ, ਬੱਧਾ ਚੱਟੀ ਭਰਨ ਵਾਲੇ ਨਹੀਂ ਸਨ, ਆਪਾ ਵਾਰਨ ਵਾਲੇ ਸਨ ਰਾਜਿਆਂ ਦੇ ਰਾਜੇ, ਮਹਾਰਾਜੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੀਸ ਕਰਨ ਦਾ ਹੀਆ ਕੌਣ ਕਰ ਸਕਦਾ ਸੀ? ਟਾਕਰਾ ਕਰਨ ਦਾ ਵਿਚਾਰ ਹੀ ਅਗਿਆਨਤਾ ਦਾ ਪ੍ਰਗਟਾਵਾ

ਸੀ। ਕਿਥੇ ਸੁਆਰਥੀ ਤੇ ਵਿਕਾਰੇ ਬਾਦਸ਼ਾਹ ਕਿੱਥੇ ਪਰਉਪਕਾਰੀ ਦੇ ਸਦਾਚਾਰੀ ਪਾਤਸ਼ਾਹ। ਅਨੰਦਪੁਰ ਸਾਹਿਬ ਦੇ ਘੇਰੇ ਦੌਰਾਨ ਇਕ ਪਾਸੇ ਝੂਠੀਆਂ ਕਸਮਾਂ ਖਾਣ ਵਾਲੇ ਮੁਗਲ ਹਾਕਮ ਤੇ ਪਹਾੜੀ ਰਿਆਸਤਾਂ ਦੇ ਰਾਜੇ, ਦੂਜੇ ਪਾਸੇ ਇੱਕ ਅਕਾਲ ਪੁਰਖ ਤੇ ਵਿਸ਼ਵਾਸ਼ ਰੱਖ ਕੇ ਫੈਸਲਾ ਕਰਨ ਵਾਲੇ ਸ਼ਾਹਿਨਸ਼ਾਹ, ਇਕ ਪਾਸੇ ਧਾਰਮਕ ਵਿਤਕਰਾ ਕਰਕੇ ਬੇਦੋਸ਼ਾਂ ਨੂੰ ਮਾਰਨ ਵਾਲੇ, ਦੂਜੇ ਪਾਸੇ ਮਾਨਵਤਾ ਦੇ ਪੁਜਾਰੀ ਗੁਰਦੇਵ ਜੀ, ਮਜ਼ਲੂਮਾਂ ਨੂੰ ਜ਼ਾਲਮ ਦੇ 'ਪੰਜਿਆਂ ਤੋਂ ਬਚਾਉਣ ਵਾਲੇ। ਫੌਜਾਂ ਵਾਲੇ ਤਾਂ ਸਾਰੇ ਬਾਦਸ਼ਾਹ ਹੁੰਦੇ ਹੀ ਹਨ ਤਾਂ ਤੇ ਕਲਗੀਧਰ ਪਾਤਸ਼ਾਹ ਨੂੰ ਬਾਜਾਂ ਵਾਲੇ ਤੇ ਫੌਜਾਂ ਵਾਲੇ ਕਹਿਣ ਦਾ ਵਿਸ਼ੇਸ਼ ਕਾਰਨ ਹੈ। ਸੱਚੇ ਪਾਤਸ਼ਾਹ ਦੀ ਨਿਜੀ ਜਾਂ ਖਾਲਸਾ ਫੌਜ ਤਨਖਾਹ ਲੈਣ ਲਈ ਨਹੀਂ ਲੜਦੀ ਸੀ। ਉਸ ਨੇ ਤਾਂ ਤਨ, ਮਨ, ਧਨ ਸਭੁ ਕਿਛੁ ਸਉਪਿਆ ਹੋਇਆ ਸੀ ਉਸ ਨੂੰ ਕੇਵਲ ਸੱਚੇ ਪਾਤਸ਼ਾਹ ਦੀ ਬਖਸ਼ਸ਼ ਦੀ ਭੁੱਖ ਸੀ, ਜੁੱਧ ਕਰਨ ਦਾ ਚਾਉ ਸੀ, ਦੁਸ਼ਟਾਂ ਨੂੰ ਸੰਘਾਰਨ ਦਾ ਪਰਯੋਜਨ ਸੀ। ਉਦਰਪੂਰਤੀ ਲਈ ਲੜਨ ਵਾਲੇ ਮੁਗਲ ਸਿਪਾਹੀ ਕਲਾ ਨਿਰਲੋਭੀ ਤਿਆਗੀ ਤੇ ਆਗਿਆਕਾਰੀ ਖਾਲਸਾ ਫੌਜ ਦੇ ਸਾਹਮਣੇ ਲੜ ਸਕਦੇ ਸਨ। ਇਤਿਹਾਸ ਦੇ ਪੰਨੇ ਸ਼ਾਹਦੀ ਭਰਦੇ ਹਨ ਕਿ ਖਾਲਸੇ ਨੇ ਗਿਆਨ ਦੀ ਖੜਗ ਦੁਆਰਾ ਮੁਗਲ ਹਕੂਮਤ ਨੂੰ ਜੜ੍ਹੋਂ ਹਿਲਾਇਆ ਤੇ ਪਟਕਾ ਕੇ ਧਰਤੀ ਤੇ ਸੁੱਟਿਆ।

ਸੰਸਾਰ ਦੇ ਝੂਠੇ ਰਾਜੇ, ਹਉਮੈ ਕਰਮ ਕਮਾਉਣ ਵਾਲੇ, ਪਰਾਇਆ ਹੱਕ ਮਾਰਨ ਵਾਲੇ ਤੇ ਖਾਂਦੇ ਪਹਿਨਦੇ ਵੀ ਅਤ੍ਰਿਪਤ ਰਹਿੰਦੇ ਹਨ। ਉਨ੍ਹਾਂ ਦੀ ਰਾਜ ਕਰਨ ਦੀ, ਕੁਰਸੀ ਤੇ ਬੈਠਣ ਦੀ ਭੁੱਖ ਕਦੇ ਨਹੀਂ ਮਿਟਦੀ। ਜਿੱਥੇ ਸੱਚਾ ਜੋਗੀ ਭੁੱਖਾ ਭੀ ਰਜਿਆ ਹੁੰਦਾ ਹੈ, ਉਥੇ ਸੰਸਾਰੀ ਰਾਜੇ ਰੱਜੇ ਹੋਏ ਵੀ ਭੁੱਖੇ ਰਹਿੰਦੇ ਹਨ। ਜਿਉਂ ਰੇਤਲੀ ਧਰਤੀ, ਮੀਂਹ ਨਾਲ ਨਹੀਂ ਰੱਜਦੀ, ਅਗਨੀ ਦੀ ਭੁੱਖ ਬਾਲਣ ਨਾਲ ਨਹੀਂ ਮਿਟਦੀ, ਰਾਜੇ ਦੀ ਤ੍ਰਿਪਤੀ ਰਾਜ ਕਰਨ ਨਾਲ ਵੀ ਨਹੀਂ ਹੁੰਦੀ। ਸਮੁੰਦਰ ਦੀ ਭੁੱਖ ਜਲ ਨਾਲ ਨਹੀਂ ਦੂਰ ਹੁੰਦੀ, ਤਿਵੇਂ ਨਾਮ ਅਭਿਆਸੀ ਦੀ ਭੁੱਖ, ਨਾਮ ਜਪਦਿਆਂ, ਜਪਦਿਆਂ ਵੀ ਕਾਇਮ ਰਹਿੰਦੀ ਹੈ।

*ਸਲੋਕ ਮਹਲਾ ੧॥*
*ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ॥*
*ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ॥*
*ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ॥*
*ਅੰਗ - ੧੪੮*

ਦਸਮੇਸ਼ ਪਿਤਾ ਜੀ ਤਨ ਕਰਕੇ ਬਾਦਸ਼ਾਹ ਤੇ ਮਨ ਕਰਕੇ ਜੋਗੀ ਸਨ। ਗੁਰਬਾਣੀ ਅਨੁਸਾਰ ਜੋਗੀ ਦੇ ਲੱਛਣ ਤੇ ਗੁਣ ਆਪ ਦੇ ਉੱਤੇ ਪੂਰੇ ਢੁੱਕਦੇ ਸਨ। ਕੁਟੰਬ ਛੱਡ ਕੇ ਭ੍ਰਮਣ ਕਰਨਾ, ਮੁੰਡ ਮੁੰਡਾਉਣਾ, ਖਿੰਥਾ, ਮੁੰਦਰਾ, ਬਿਭੂਤ ਚੜਾਉਣਾ, ਜੋਗ ਦਾ ਤੱਤ ਨਹੀਂ, ਬਲਕਿ ਗਿਆਨ, ਧਿਆਨ, ਸੰਤੋਖ ਸ਼ਾਂਤੀ, ਆਤਮ ਚੀਨਣਾ, ਨਾਮ ਅਰਾਧਣਾ ਤੇ ਬਿਨ ਬਜਾਇਆ ਅਨਹਦ ਸ਼ਬਦ ਸੁਣਨਾ ਆਦਿਕ ਕਿਸੇ ਜੀਵ ਨੂੰ ਜੋਗੀ ਬਣਾਉਂਦੇ ਹਨ। ਐਸੇ ਜੋਗੀ ਦੀ ਕਲਪਣਾ ਤੇ ਭਟਕਣਾ ਦਾ ਨਾਸ ਹੁੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਗ ਜਾਂ ਸੰਨਿਆਸ ਦੇ ਲੱਛਣ ਆਪਣੀ ਬਾਣੀ ਵਿਚ ਅੰਕਤ ਕੀਤੇ ਹਨ। ਹਜ਼ੂਰ ਫੁਰਮਾਉਂਦੇ ਹਨ।

*ਰੇ ਮਨ ਐਸੋ ਕਰਿ ਸੰਨਿਆਸਾ॥*
*ਬਨ ਸੇ ਸਦਨ ਸਭੈ ਕਰਿ ਸਮਝਹੁ*
*ਮਨ ਹੀ ਮਾਹਿ ਉਦਾਸਾ॥ਰਹਾਓ॥*
*ਰੇ ਮਨ ਇਹਿ ਬਿਧਿ ਜੋਗੁ ਕਮਾਓ॥*
*ਸਿੰਙੀ ਸਾਚ ਅਕਪਟ ਕੰਠਲਾ*
*ਧਯਾਨ ਬਿਭੂਤ ਚੜ੍ਹਾਓ। (ਰਾਮਕਲੀ ਪਾਤਸ਼ਾਹੀ ੧੦)*

ਇਹ ਬਚਨ ਅੰਸ਼ ਮਾਤਰ ਹੁੰਦੇ ਵੀ ਗ੍ਰਿਹ ਤੇ ਬਨ ਨੂੰ ਬਰਾਬਰ ਸਮਝਣ, ਮਨ ਦੀ ਉਦਾਸੀਨਤਾ, ਹਿਰਦੇ ਦੀ ਨਿਰਮਲਤਾ ਤੇ ਸੱਚ ਦੇ ਧਿਆਨ ਦੀ ਅਵਸ਼ਕਤਾ ਨੂੰ ਦ੍ਰਿੜਾਉਂਦੇ ਹਨ। ਜਿਹੜੇ ਜੋਗੀ ਘਰਬਾਰ ਤਿਆਗ ਕੇ ਜੰਗਲ ਜੋਗੇ ਰਹਿ ਗਏ, ਉਨਾਂ ਦਾ ਸੰਬੰਧ ਸੰਸਾਰ ਤੋਂ ਟੁੱਟ ਗਿਆ, ਸੰਸਾਰ ਦੇ ਸੁੱਖਾਂ, ਦੁੱਖਾਂ ਨਾਲ ਕੋਈ ਨਾਤਾ ਨਹੀਂ ਰਿਹਾ। ਦੁਨੀਆਂ ਦੀ ਦ੍ਰਿਸ਼ਟੀ ਵਿਚ ਉਹ ਸੌਂ ਗਏ ਜਾ ਮਰ ਗਏ ਕਿਉਂਕਿ ਉਨਾਂ ਕੋਲ ਨਾ ਹਮਦਰਦੀ ਰਹੀ ਨਾ ਕਸ਼ਟ ਨਿਵਾਰਨ ਦੀ ਭਾਵਨਾ ਰਹੀ, ਨਾ ਉਤਸ਼ਾਹ ਰਿਹਾ ਨਾ ਬਲ ਰਿਹਾ। ਉਹ ਦਇਆ, ਧਰਮ, ਉੱਦਮ, ਦਲੇਰੀ ਸਾਰੀ ਗੁਆ ਬੈਠੇ ਤੇ ਨਾਮ ਦੀ ਕਲਾ ਤੋਂ ਵੀ ਸੱਖਣੇ ਰਹੇ। ਬੇਪਰਵਾਹ ਅਕਾਲ ਪੁਰਖ ਨੂੰ ਐਸੇ ਲਾਪਰਵਾਹ ਜੋਗੀ ਮੂਲ ਨ ਭਾਏ। ਉਹ ਸੰਸਾਰ ਵਿਚ ਐਸੇ ਪੂਰਨ ਮਨੁੱਖ ਨੂੰ ਭੇਜਣਾ ਚਾਹੁੰਦੇ ਸਨ, ਜਿਹੜਾ ਰਾਜੇ ਵਾਂਗਰ ਸੁਚੇਤ ਤੇ ਸ਼ਕਤੀਵਾਨ ਹੋਵੇ ਤੇ ਜੋਗੀ ਵਾਂਗ ਨਾਮ ਨਾਲ ਜੁੜੇ ਤੇ ਨਿਰਭਉ ਪ੍ਰਭੂ ਨੂੰ ਆਰਾਧੇ। ਪਾਵਨ ਹੁਕਮ ਹੈ -

*ਜੋਗੀ ਕਉ ਕੈਸਾ ਡਰੁ ਹੋਇ॥*
*ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥੧॥ਰਹਾਉ॥*
*ਨਿਰਭਉ ਜੋਗੀ ਨਿਰੰਜਨੁ ਧਿਆਵੈ॥*
*ਅਨਦਿਨੁ ਜਾਗੈ ਸਚਿ ਲਿਵ ਲਾਵੈ॥*
*ਸੋ ਜੋਗੀ ਮੇਰੈ ਮਨਿ ਭਾਵੈ॥ ਅੰਗ - ੨੨੩*

ਕਾਰਜ ਬਹੁਤ ਬਿਖਮ ਤੇ ਚੁਨੌਤੀ ਭਰਿਆ ਸੀ ਤੇ ਹਰੇਕ ਪ੍ਰਾਣੀ ਦੇ ਕਰਨ ਵਾਲਾ ਨਹੀਂ ਸੀ। ਇਸ ਨੂੰ ਸੁਚਾਰੂ ਰੂਪ ਵਿਚ ਨਿਬਾਹੁਣ ਲਈ ਮਹਾਨ ਤਪੱਸਵੀ ਦੁਸਟ ਦਮਨ

ਨੂੰ ਇਸ ਦੇ ਯੋਗ ਸਮਝ ਕੇ ਜ਼ਿੰਮੇਵਾਰੀ ਦਾ ਭਾਰ ਸਉਪਿਆ ਗਿਆ। ਆਦਰਸ਼ਕ ਜੋਗੀ ਨੂੰ ਹਰਖ ਤੇ ਸੋਗ ਦੀ ਦਸ਼ਾ ਨਹੀਂ ਵਿਆਪਦੀ। ਉਹ ਸੰਸਾਰੀਆਂ ਵਾਂਗ ਖੁਸ਼ੀ ਵਿਚ ਫੁੱਲ ਕੇ ਨਹੀਂ ਸਮਾਉਂਦੇ, ਨਾ ਹੀ ਸੋਗ ਵਿੱਚ ਮਾਨਸਕ ਗਿਰਾਵਟ ਦਾ ਸ਼ਿਕਾਰ ਬਣਦਾ ਹੈ। ਗੁਰਦੇਵ ਜੀ ਨੂੰ ਇਕ ਤਕੜੀ ਹਸਤੀ ਨਾਲ ਟਾਕਰਾ ਕਰਨਾ ਪਿਆ। ਮੁਗਲ ਹਕੂਮਤ ਕੋਈ ਛੋਟੀ ਮੋਟੀ ਤਾਕਤ ਨਹੀਂ ਸੀ, ਲੱਗ ਭੱਗ ਸਾਰੇ ਭਾਰਤ ਤੇ ਉਸ ਦਾ ਕਬਜ਼ਾ ਸੀ। ਇਸ ਸੰਘਰਸ਼ ਵਿਚ ਪਿਤਾ ਜੀ, ਮਾਤਾ ਜੀ, ਪਿਆਰੇ ਗੁਰਸਿਖ ਤੇ ਚਾਰੇ ਸਾਹਿਬਜ਼ਾਦਿਆਂ ਦਾ ਬਲੀਦਾਨ ਸ਼ੁਕਰਾਨੇ ਤੇ ਮਿੱਠੇ ਭਾਣੇ ਦੇ ਰੂਪ ਵਿਚ ਕੀਤਾ। ਨੰਗ-ਪੈਰੀ ਕੰਡਿਆਂ ਨੂੰ ਮਧੋਲਦਿਆਂ, ਮਾਛੀਵਾੜੇ ਦੀ ਧਰਤੀ ਤੇ ਜਾ ਕੇ ਬਿਸਰਾਮ ਕੀਤਾ ਤੇ ਮਿੱਤਰ ਪਿਆਰੇ ਦੀ ਪਿਆਰੀ ਯਾਦ ਵਿੱਚ ਯਾਰੜੇ ਦੇ ਸੱਥਰ ਵਿਚ ਨੁਆਰੀ ਪਲੰਘਾਂ ਦੇ ਸੁੱਖਾਂ ਤੋਂ ਵੱਧ ਸੁੱਖ ਅਨੁਭਵ ਕੀਤਾ। ਕੀ ਮਜਾਲ ਕਿ ਮੱਥੇ ਤੇ ਨਿਰਾਸਤਾ ਜਾਂ ਸ਼ਿਕਾਇਤ ਦੇ ਵੱਟ ਪਏ ਹੋਣ ਜਾਂ ਢਹਿੰਦੀ ਕਲਾ ਨੇ ਮਨੋਬਲ ਨੂੰ ਡੇਗਿਆ ਹੋਵੇ। ਆਪ ਜੀ ਦੀ, ਗੁਰ ਪਾਰਬ੍ਰਹਮ ਨਾਲ ਅਥਾਹ ਪ੍ਰੀਤੀ ਦਾ ਕਮਾਲ ਸੀ ਜਿਸ ਨੇ ਭਾਵਨਾ ਤੇ ਬਿਰਤੀ ਨੂੰ ਕੰਵਲ ਦੇ ਵਾਂਗ ਅਡੋਲ, ਨਿਰਲੇਪ ਪ੍ਰਸੰਨ ਤੇ ਖੇੜੇ ਵਿਚ ਰੱਖਿਆ। ਗੁਰਮਤਿ ਅਨੁਸਾਰ ਹਰਖ ਸੋਗ ਤੋਂ ਅਤੀਤ ਰਹਿਣ ਵਾਲਾ ਹੀ ਜੋਗੀ ਅਖਵਾਉਂਦਾ ਹੈ।

***ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ।***
***ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ॥***
***ਅੰਗ - ੬੮੫***

ਭਗਤ ਕਬੀਰ ਜੀ ਦੇ ਵਿਚਾਰ ਅਨੁਸਾਰ, ਮੌਤ, ਸੋਗ ਤੇ ਵਿਛੋੜੇ ਤੋਂ ਉੱਪਰ ਉਠਣਾ ਜੋਗੀ ਦੇ ਉੱਤਮ ਗੁਣ ਹਨ, ਅਨੂਰ ਅਵਸਥਾ ਵਿਚ ਆਸਣ ਲਾਉਣਾ ਤੇ ਕਲਪਣਾ ਦਾ ਤਿਆਗ ਕਰਨਾ ਅਸਲੀ ਜੋਗ ਪੰਥ ਹੈ।

***ਮੇਰੇ ਰਾਜਨ ਮੈ ਬੈਰਾਗੀ ਜੋਗੀ॥ ਮਰਤ ਨ ਸੋਗ ਬਿਓਗੀ॥***
***ਅੰਗ - ੩੩੪***

ਜੋਗੀ ਆਪਣੇ ਜੋਗ ਨੂੰ ਸਭ ਤੋਂ ਉੱਤਮ ਸਮਝਦੇ ਹਨ ਕਨਪਾਟੇ ਸਿਰ ਮੁੰਡਿਤ ਤੇ ਅਵਧੂਤ ਜੋਗੀ ਆਪਣੇ ਆਪ ਨੂੰ ਹੀ ਸਿੱਧੀ ਪ੍ਰਾਪਤ ਕਰਨ ਵਾਲੇ ਅਖਵਾਉਂਦੇ ਹਨ।

***ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ॥***
***ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ॥***
***ਅੰਗ - ੩੩੪***

ਪਰ ਉਨਾਂ ਨੂੰ ਸੱਚੇ ਗਿਆਨ ਦੀ ਰੌਸ਼ਨੀ ਬਿਨਾ ਇਹ ਸੋਝੀ ਨਹੀਂ ਕਿ ਗੁਰੂ ਸਾਹਿਬਾਨ ਨੇ ਗੁਰਸਿੱਖਾਂ ਨੂੰ ਚੜ੍ਹਦੀ ਕਲਾ, ਉੱਦਮ ਤੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਦੀ ਜਿਹੜੀ ਅਮੁੱਲ ਦਾਤ ਪ੍ਰਦਾਨ ਕੀਤੀ ਹੈ ਉਸ ਦੇ ਤੁੱਲ, ਉਨ੍ਹਾਂ ਦਾ ਹੱਠ ਯੋਗ ਜਾਂ ਕਰਮ ਧਰਮ ਸੂਰਜ ਅੱਗੇ ਦੀਵੇ ਤੁੱਲ ਹੈ।

ਮਹਾਨ ਰਾਜ ਜੋਗੀ, ਦਸਮੇਸ਼ ਪਿਤਾ ਜੀ ਦਾ ਖਾਲਸਾ ਇਕ ਨਿਆਰਾ ਗੁਰਸਿਖ ਜੋਗੀ ਹੈ। ਸਿਫਤਾਂ ਤਾਂ ਅਨੇਕ ਹਨ ਪਰ ਮੁੱਖ ਤੌਰ ਦੇ ਕੰਨੀ ਮੁੰਦਰਾਂ ਪਾਉਣ ਦੇ ਥਾਂ ਰਸਨਾ ਤੇ ਹਿਰਦੇ ਵਿੱਚ ਗੁਰਮੰਤਰ ਵਸਾਉਂਦਾ ਹੈ, ਸਿੰਙੀ ਵਜਾਉਣ ਦੇ ਥਾਂ ਸ਼ਬਦ ਸੁਰਤਿ ਦੀਆਂ ਗੂੰਜਾਂ ਪਾਉਂਦਾ ਹੈ।

***ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ॥***
***ਕੰਨੀ ਮੁੰਦਰਾਂ ਮੰਤ੍ਰੁ ਗੁਰ ਸੰਤਾਂ ਧੂੜਿ ਬਿਭੂਤ ਸੁ ਲਾਸੀ।***
***ਖਿੰਥਾ ਖਿਮਾਂ ਹੰਢਾਵਣੀ ਪ੍ਰੇਮ ਪਤ੍ਰ ਭਾਉ ਭਗਤਿ ਬਿਲਾਸੀ।***
***ਸਬਦ ਸੁਰਤਿ ਸਿੰਙੀ ਵਜੈ ਡੰਡਾ ਗਿਆਨੁ ਧਿਆਨੁ ਗੁਰਦਾਸੀ।***
***ਭਾਈ ਗੁਰਦਾਸ ਜੀ ਦੀ ਵਾਰ ੨੯, ਪਉੜੀ ੧੫***

## *(ਪੰਨਾ 27 ਦੀ ਬਾਕੀ)*

ਹੁਣ ਹੈ ਪੰਥ ਰੁਸ਼ਨਾਣਾ ਅਸਾਂ। ਸਦਾ ਅਮਰ ਬਨਾਣਾ ਅਸਾਂ।
ਭੱਖ ਰਹੀ ਜੁਲਮਾਂ ਦੀ ਭੱਠੀ, ਪਾ ਕੇ ਖੂਨ ਹੈ ਕਰਨੀ ਮੱਠੀ।
ਨੈਣਾਂ ਤਾਰੇ ਜਿਗਰੀ ਟੋਟੇ, ਅਜੀਤ ਜੁਝਾਰ ਤੇ ਦੋਵੇਂ ਛੋਟੇ।
ਨਚਣਗੇ ਤਲਵਾਰਾਂ ਉਤੇ, ਸਰਹੰਦ ਵਿਚ ਦੀਵਾਰਾਂ ਉਤੇ।
ਪੋਤਰਿਆਂ ਦੇ ਨਾਲ ਹੀ ਦਾਦੀ, ਜਾਨ ਆਪਣੀ ਦੀ ਲਾਊ ਬਾਜ਼ੀ।
ਅਸਾਂ ਵੀ ਉਨ੍ਹੀਂ ਰਾਹੀਂ ਜਾਣਾ। ਇਹੋ ਹੈ ਹੁਕਮ ਰੱਬਾਣਾ।
ਸਾਡੇ ਪਿਛੇ ਸਿੰਘ ਹਜ਼ਾਰਾਂ, ਕਲ-ਮਲੇ ਸਕੱਣ ਪਰਿਵਾਰਾਂ,
ਪਾ ਕੇ ਲਹੂ ਜਿਗਰ ਦਾ ਸੂਚਾ, ਸਿੱਖੀ ਮਹਿਲ ਨੂੰ ਕਰਸਨ ਉਚਾ।
'ਨੀਰ' ਜੀ ਜਿਸ ਤੋਂ ਦੁਨੀਆ ਵਾਲੇ, ਲੈਂਦੇ ਰਹਿਣਗੇ ਸਦਾ ਉਜਾਲੇ।

*(ਪੰਨਾ 23 ਦੀ ਬਾਕੀ)*

ਮਾਛੀਵਾੜੇ ਦੇ ਬਿਰਛ ਅੱਜ ਆਖਦੇ ਨੇ, ਕਹਿੰਦੇ ਖੜੇ ਹਾਂ ਪੈਰ ਦਬਾਉਣ ਖਾਤਰ।
ਅੱਖਾਂ ਭਰ ਭਰ ਰੋ ਰੋ ਕਹੇ ਸਰਸਾ ਜਲ ਦਿਆਗੀ ਠੰਢਾ ਇਸ਼ਨਾਨ ਖਾਤਰ।
ਔਗਣ ਬੰਦੇ ਦੇ ਪਹਿਲੇ ਭੁੱਲ ਜਾਉ, ਹੁਣ ਖੜਾ ਹਾਂ ਖੰਡਾ ਖੜਕਾਣ ਖਾਤਰ।
ਪੈਹਰੇ ਦਾਰ ਬਣ ਜੋਗੇ ਦੀ ਲਾਜ ਰੱਖੀ, ਜੋਗਾ ਹਾਜ਼ਿਰ ਹੈ ਕਰਜ਼ ਚੁਕਾਨ ਖਾਤਰ।

ਅੱਜ ਫੇਰ ਅਜੀਤ ਜੁਝਾਰ ਕਹਿੰਦੇ, ਵਾਰ ਝੱਲਾਂ ਗੇ ਤੇਜ਼ ਕਟਾਰੀਆਂ ਦੇ।
ਅੱਜ ਕਮਾਨ ਦੇ ਵਿਚੋਂ ਤੀਰ ਛੱਡੇ, ਲੀੜੇ ਲਾਹ ਕੇ ਪਿਤਾ ਪੁਜਾਰੀਆਂ ਦੇ

ਅੱਜੇ ਫੇਰ ਇਤਹਾਸ ਹੈ ਯਾਦ ਕਰਦਾ, ਕਹਿੰਦਾ ਹੁੰਦਾ ਜੇ ਬਾਂਕੀ ਸ਼ਾਨ ਵਾਲਾ।
ਜੀਹਨੇ ਜੰਗ ਦੇ ਵਿੱਚ ਮਾਸੂਮ ਭੇਜੇ, ਬੱਚੇ ਨੀਹਾਂ ਦੇ ਵਿੱਚ ਚੁਨਵਾਨ ਵਾਲਾ।
ਏਸ ਘਰ ਵਿੱਚ ਕਦੀ ਨ ਫੁੱਟ ਪੈਂਦੀ, ਜੇ ਕਰ ਹੁੰਦਾ ਤੀਰ ਕਮਾਨ ਵਾਲਾ।
ਆਪੋ ਧਾਪੀ ਦੀ ਖਿੱਚ ਨ ਕਦੀ ਪੈਂਦੀ, ਰੋਲਾ ਪੈਂਦਾ ਨ ਵੱਡੇ ਅਖਵਾਨ ਵਾਲਾ।

ਅੱਜ 'ਗੋਹਰ' ਦੀ ਪ੍ਰੀਤਮ ਜੀ ਅਰਜ਼ ਇਹੇ, ਮਾਨ ਰੱਖ ਲੈ ਕਾਇਮ ਸਰਦਾਰੀਆਂ ਦੇ।
ਇਕ ਵਾਰੀ ਆਣ ਕੇ ਦਰਸ ਦੇ ਜਾ, ਲੀੜੇ ਪਾ ਕੇ ਪਿਤਾ ਪੁਜਾਰੀਆਂ ਦੇ।

# ਦਸਮ ਪਾਤਸ਼ਾਹ ਜੀ ਕ੍ਰਿਤ ਬੇਨਤੀ ਚੌਪਈ ਅਰਦਾਸ

*[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]*

1. ਮਹਾ ਕਾਲ (ਵਾਹਿਗੁਰੂ) ਦੇ ਜਗਤ-ਤਮਾਸ਼ੇ ਵਿਚ ਬ੍ਰਹਮਾ ਵਿਸ਼ਨੂੰ, ਮਹੇਸ਼ ਤੇ ਸਾਰੇ ਜੀਵ-ਜੰਤੂ ਕਾਲ-ਵੱਸ ਹਨ।

2. ਅਕਾਲ ਪੁਰਖ ਸਭ ਕਾਸੇ ਤੋਂ ਨਿਰਲੇਪ ਹੋਣ ਦੇ ਬਾਵਜੂਦ ਆਪਣੇ ਸੇਵਕਾਂ ਦਾ ਅੰਗ ਪਾਲਦਾ ਹੈ, ਉਨ੍ਹਾਂ ਦੇ ਦੁੱਖ ਨੂੰ ਮਹਿਸੂਸ ਕਰਦਾ ਹੈ ਅਤੇ ਉਨ੍ਹਾਂ ਦੀ ਸਦਾ ਸਾਰ-ਸੰਭਾਲ ਕਰਦਾ ਹੈ।

3. ਕਰਤਾ ਪੁਰਖ ਆਪਣੀ ਮੌਜ ਵਿਚ 'ਉਦਕਰਖਣ ਸ਼ਕਤੀ' ਦੇ ਪ੍ਰਯੋਗ ਦੁਆਰਾ ਆਪਣੇ ਵਿੱਚੋਂ ਹੀ ਨਾਨਾ-ਪ੍ਰਕਾਰੀ ਰਚਨਾ ਰਚ ਲੈਂਦਾ ਹੈ ਅਤੇ ਫਿਰ ਆਪਣੀ ਰਜ਼ਾਅ ਵਿਚ 'ਆਕਰਖਣ ਸ਼ਕਤੀ' ਦੇ ਪ੍ਰਯੋਗ ਦੁਆਰਾ ਇਸ ਨੂੰ ਆਪਣੇ ਵਿਚ ਹੀ ਸਮੇਟ ਲੈਂਦਾ ਹੈ।

4. ਜਗਤ-ਰਚਨਾ ਕਦੋਂ ਅਤੇ ਕਿਵੇਂ ਹੋਈ, ਕਰਤਾ ਪੁਰਖ ਤੋਂ ਸਿਵਾ ਕੋਈ ਨਹੀਂ ਜਾਣਦਾ।

5. ਪ੍ਰਭੂ-ਸਿਮਰਨ ਸਰਬ-ਦੁਖ-ਨਾਸ਼ਕ ਹੈ।

6. ਅਨੂਪਮ ਸਰੂਪ ਵਾਲਾ ਚੋਜੀ ਪ੍ਰਭੂ ਆਪਣੀ ਰਚਨਾ ਵਿਚ ਕਿਧਰੇ ਰਾਜਾ ਬਣਿਆ ਬੈਠਾ ਹੈ, ਕਿਧਰੇ ਕੰਗਾਲ।

7. ਪਰਮ-ਚੇਤਨਾ ਦੇ ਸ੍ਰੋਤ ਅਕਾਲ ਪੁਰਖ ਨੂੰ ਛੱਡ ਕੇ, ਪੱਥਰ ਦੀਆਂ ਮੂਰਤੀਆਂ ਬਣਾ ਕੇ ਦੇਵੀ-ਦੇਵਤਿਆਂ ਦੀ ਪੂਜਾ ਕਰਨ ਵਾਲੇ ਮਹਾਂ-ਮੂੜ੍ਹ ਹਨ।

8. ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਕਰਤਾ ਪੁਰਖ ਦੀਆਂ ਹੀ ਰਚੀਆਂ ਹੋਈਆਂ ਹਨ।

# ਜਬ ਲਗ ਖ਼ਾਲਸਾ ਰਹੇ ਨਿਆਰਾ

*[ਡਾ. ਇੰਦਰ ਪਾਲ ਕੌਰ ਜੀ]*

ਵਿਚਾਰ ਅਤੇ ਕਰਮ ਦੋਹਾਂ ਹੀ ਪੱਖਾਂ ਤੋਂ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਨਿਸਚਿਤ ਅਤੇ ਵਿਸ਼ੇਸ਼ ਥਾਂ ਹੈ। ਅੱਜ ਦੇ ਭਾਰਤ ਵਿਚ ਵੀ ਗੁਰੂ ਜੀ ਦਾ ਬਿੰਬ ਇਕ ਜਿਊਂਦੀ-ਜਾਗਦੀ ਵਾਸਤਵਿਕਤਾ ਹੈ। ਅੱਜ ਵੀ (ਹਮੇਸ਼ਾ ਵਾਂਗ) ਗੁਰੂ ਜੀ ਆਪਣੇ ਪਿਆਰੇ ਖ਼ਾਲਸੇ ਦੀ ਹਰ ਰਾਹ 'ਤੇ ਅਗਵਾਈ ਕਰਦੇ ਹਨ ਅਤੇ ਹਰ ਭੀੜ ਸਮੇਂ ਉਸ ਦੇ ਅੰਗ-ਸੰਗ ਸਹਾਈ ਹੁੰਦੇ ਹਨ। ਗੁਰੂ ਜੀ ਦੇਸ਼ ਭਗਤੀ, ਰਾਸ਼ਟਰਵਾਦ ਅਤੇ ਕੌਮਪ੍ਰਸਤੀ ਦੇ ਅਵਤਾਰ ਹਨ ਅਤੇ ਜਦੋਂ ਵੀ ਦੇਸ਼ ਦੀਆਂ ਹੱਦਾਂ 'ਤੇ ਕੋਈ ਖ਼ਤਰਾਂ ਸਾਹਮਣੇ ਆਉਂਦਾ ਹੈ ਤਾਂ ਸਦਾ ਹੀ ਆਪ ਨੂੰ ਯਾਦ ਕਰਕੇ ਆਪ ਦੀ ਬਾਣੀ ਤੇ ਨਾਂ ਤੋਂ ਪ੍ਰੇਰਨਾ ਲਈ ਜਾਂਦੀ ਹੈ। ਆਪ ਜੀ ਦੇ ਮਾਨਵਵਾਦੀ ਵਿਚਾਰ ਆਧੁਨਿਕ ਯੁੱਗ ਦੀ ਅਤਿ ਵਿਸ਼ਾਲ ਮਾਨਵਵਾਦੀ ਪੱਧਰ 'ਤੇ ਪੂਰੇ ਉਤਰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੀ ਦੈਵੀ 'ਸ਼ਖ਼ਸੀਅਤ' ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਮਿਲਣੀ ਕਠਿਨ ਹੀ ਨਹੀਂ ਬਲਕਿ ਅਸੰਭਵ ਵੀ ਹੈ। ਉਹ ਇਕ ਅਜਿਹੇ 'ਮਰਦ ਅਗੰਮੜਾ' ਸਨ ਜਿਨ੍ਹਾਂ ਨੇ ਦੇਸ਼, ਕੌਮ ਅਤੇ ਵਤਨ ਦੀ ਖ਼ਾਤਰ ਆਪਣਾ ਸਾਰਾ ਸਰਬੰਸ ਕੁਰਬਾਨ ਕਰ ਦਿੱਤਾ। ਉਹ ਇਕ ਬਹਾਦਰ ਯੋਧਾ ਵੀ ਸਨ ਪਰ ਨਾਲ ਹੀ ਭਗਤੀ ਦੇ ਰਸ ਵਿਚ ਗੜੂੰਦ ਸਨ। ਉਹ ਇਕ ਕਵੀ ਵੀ ਸਨ ਅਤੇ ਰਹਿਮ ਦਿਲ ਦੇ ਮਾਲਕ ਵੀ ਸਨ ਜੋ ਦੁਸ਼ਮਣ ਨੂੰ ਮੈਦਾਨੇ-ਜੰਗ ਵਿਚ ਮਰਹਮ ਪੱਟੀ ਅਤੇ ਪਾਣੀ ਦੀ ਸੇਵਾ ਕਰਨ ਵਾਲੇ ਨੂੰ ਸ਼ਾਬਾਸ਼ ਦਿੰਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਜਿਹੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਜਿਸ ਬਾਰੇ ਉਨ੍ਹਾਂ ਨੇ ਉਚਾਰਿਆ ਹੈ –

> ***ਖਾਲਸਾ ਅਕਾਲ ਪੁਖ ਕੀ ਫੌਜ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥ ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈ ਸਾਰਾ॥ ਜਬ ਇਹ ਗਹੈ ਬਿਪਰਨ ਕੀ ਰੀਤ॥ ਮੈ ਨ ਕਰੋਂ ਇਨ ਕੀ ਪ੍ਰਤੀਤ॥***

ਖ਼ਾਲਸੇ ਦੇ ਨਿਆਰੇਪਣ ਦੀ ਸਾਰ-ਸੰਭਾਲ ਲਈ ਉਨ੍ਹਾਂ ਨੇ ਇਕ code of conduct ਲਾਗੂ ਕੀਤਾ ਜਿਸ ਵਿਚ ਬਾਹਰਲੇ code ਦੀ ਮਹਾਨਤਾ ਵੀ ਦਰਸਾਈ। ਅੱਜ ਦੇ ਭੌਤਿਕ ਯੁੱਗ ਦੀ ਤੇਜ਼ ਰਫਤਾਰ ਨੇ ਤਰ੍ਹਾਂ-ਤਰ੍ਹਾਂ ਦੀ ਭੁਲੇਖਿਆਂ, ਭਰਮਾਂ ਨੂੰ ਪੈਦਾ ਕਰਕੇ ਅਤੇ ਸਾਡੇ ਅਵੇਸਲੇਪਨ ਨੇ ਇਸ code of conduct ਨੂੰ ਬੇਲੋੜਾ ਅਤੇ ਬੇਮਾਇਨੇ ਕਰਾਰ ਦੇ ਦਿੱਤਾ ਹੈ। ਪਰ ਖ਼ਾਲਸੇ ਦੀ ਅਸਲ ਪਹਿਚਾਣ ਇਸ code of conduct ਉੱਤੇ ਅਮਲ ਕਰਨਾ ਬਣੀ ਰਹੀ ਹੈ।

'ਖ਼ਾਲਸਾ' ਸ਼ਬਦ ਦਾ ਅੱਖਰੀ ਅਰਥ ਹੈ – 'ਖ਼ਾਲਸਾ' ਖੋਟ ਰਹਿਤ। 'ਨਿਆਰਾ' ਸ਼ਬਦ-ਅਰਥ ਹੈ – 'ਨਿਰਾਲਾ' ਜੋ ਦੂਸਰਿਆਂ ਵਿਚ ਨਾ ਰਲੇ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਗੁਰੂ ਸਾਹਿਬ ਨੇ ਖ਼ਾਲਸੇ ਨੂੰ ਦੂਸਰਿਆਂ ਵਿਚ 'ਰਲਣ' ਤੋਂ, ਮਿਲਣ ਤੋਂ ਮਿਲਵਰਤਣ ਤੋਂ ਵਰਜਿਆ ਹੈ ਸਗੋਂ ਇਸ ਦਾ ਇਹ ਮਤਲਬ ਹੈ ਕਿ ਸੰਸਾਰ ਵਿਚ ਰਹਿ ਕੇ ਕਿਵੇਂ ਆਪਣੀ ਇਕ ਵਿਲੱਖਣ ਪਹਿਚਾਣ ਬਣਾਣੀ ਹੈ। ਇਸ ਪਹਿਚਾਣ ਦੇ ਦੋ ਸਰੂਪ ਹਨ – ਇਕ ਦ੍ਰਿਸ਼ਟਵਾਨ ਅਤੇ ਬਾਹਰੀ, ਦੂਸਰੀ ਪਹਿਚਾਣ ਸੂਖਮ ਹੈ ਅਤੇ ਮਨੁੱਖ ਦੇ ਆਚਾਰ ਅਤੇ ਵਿਵਹਾਰ ਤੋਂ ਪ੍ਰਗਟ ਹੁੰਦੀ ਹੈ।

ਮਨੁੱਖੀ ਸਖ਼ਸੀਅਤ ਦੇ ਇਹ ਦੋਵੇਂ ਸਰੂਪ ਇਕ-ਦੂਸਰੇ ਬਗ਼ੈਰ ਕਾਫ਼ੀ ਹੱਦ ਤਕ ਬੇਮਾਇਨੇ ਹਨ ਅਤੇ ਇਸ ਸ਼ਖ਼ਸੀਅਤ ਵਿਚ ਪੂਰਨਤਾ ਲਿਆਉਣ ਲਈ ਅੰਦਰਲੀ ਅਤੇ ਬਾਹਰਲੀ ਸ਼ਖ਼ਸੀਅਤ ਵਿਚ ਇਕਸਾਰਤਾ, ਸਰਲਤਾ, ਮਿਠਾਸ ਅਤੇ ਸ਼ੁੱਧਤਾ ਲਿਆਉਣੀ ਹੀ ਸਿਖ ਧਰਮ ਅਨੁਸਾਰ ਜੀਵਨ ਦਾ ਮਕਸਦ ਅਤੇ ਮਨੋਰਥ ਹੈ।

ਮੈਨੂੰ ਕਿਸੇ 'ਗ਼ੈਰ ਸਿਖ' ਅਤੇ 'ਇਸਾਈ' ਧਰਮ ਨਾਲ ਸੰਬੰਧਿਤ ਵਿਦਵਾਨ ਨੇ ਪ੍ਰਸ਼ਨ ਕੀਤਾ ਕਿ ਦਸ ਗੁਰੂ ਸਾਹਿਬਾਨ ਦੀ ਕੀ ਜ਼ਰੂਰਤ ਸੀ ਜਦ ਕਿ ਬਾਕੀ ਸਾਰੇ ਧਰਮਾਂ ਦੇ 'ਇਕ' ਹੀ ਪੈਗ਼ੰਬਰ ਹਨ। ਇਸ ਦਾ ਜਵਾਬ ਮੈਂ ਇਹ ਦਿੱਤਾ ਕਿ ਮਨੁੱਖ ਦੇ ਮਨ ਉੱਤੇ ਜਨਮਾਂ ਜਨਮਾਂ ਦੀ ਮੈਲ ਉਤਾਰਨ ਲਈ ਅਤੇ ਮਨੁੱਖੀ ਜਾਮੇ ਵਿਚ ਤਰ੍ਹਾਂ-ਤਰ੍ਹਾਂ ਦੇ ਦੈਵੀ ਗੁਣਾਂ ਦੇ ਰੰਗ ਭਰਨ ਲਈ ਗੁਰੂ ਸਾਹਿਬਾਨ ਨੇ ਦਸ ਅਵਤਾਰ ਧਾਰ ਕੇ ਇਸ ਮਨੁੱਖ ਦੀ ਤਸਵੀਰ ਨੂੰ ਮੁਕੰਮਲ ਕੀਤਾ ਜਿਵੇਂ ਕਿ ਉਦਾਹਰਣ ਲਈ, ਗੁਰੂ ਨਾਨਕ ਦੇਵ ਜੀ ਨੇ ਭਗਤੀ ਦਾ ਰੰਗ ਅਤੇ ਰਸ ਮਨੁੱਖ ਨੂੰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਸੇਵਾ, ਸਿਮਰਨ ਅਤੇ ਭਜਨ ਦਾ ਰੰਗ ਦਿੱਤਾ, ਗੁਰੂ ਅਮਰਦਾਸ ਜੀ ਨੇ ਨਿਮਰਤਾ ਅਤੇ ਤਿਆਗ ਅਤੇ

ਇਸੇ ਤਰ੍ਹਾਂ ਹੀ ਕੁਰਬਾਨੀ, ਸ਼ਕਤੀ, ਸਵੈ-ਵਿਸ਼ਵਾਸ, ਇਕ ਅਕਾਲ ਪੁਰਖ ਦੀ ਹੋਂਦ ਅਤੇ ਦ੍ਰਿੜ੍ਹਤਾ, "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਸੰਕਲਪ, ਜ਼ੁਲਮ ਦਾ ਟਾਕਰਾ ਕਰਨ ਦੀ ਸ਼ਕਤੀ, ਸਰਬ ਸੰਤੋਖ ਦੀ ਮਹਾਨਤਾ, ਕਿਰਤ ਕਰਨ ਅਤੇ ਵੰਡ ਛਕਣ ਦਾ ਨਿਯਮ ਅਤੇ ਹੋਰ ਦੈਵੀ ਗੁਣ ਦੇ ਰੰਗਾਂ ਨਾਲ ਇਸ ਮਨੁੱਖ ਨੂੰ ਆਪਣੇ ਆਪੇ ਨੂੰ (ਅੰਦਰੋਂ ਅਤੇ ਬਾਹਰੋਂ) ਰੰਗਣ ਲਈ ਸਿਖ ਗੁਰੂਆਂ ਨੇ ਆਪ ਜੀਵਨ ਜੀ ਕੇ ਅਤੇ ਜੀਵਨ-ਜਾਚ ਦੱਸ ਕੇ ਖ਼ਾਲਸੇ ਦਾ ਮਾਰਗ ਦਰਸ਼ਨ ਕੀਤਾ।

ਇਸ ਲਈ ਇਹ ਬਿਲਕੁਲ ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਮਿਸ਼ਨ ਉਸੇ ਕੰਮ ਨੂੰ ਸੰਪੂਰਨਤਾ ਦੇਣਾ ਸੀ ਜਿਸ ਨੂੰ ਆਦਿ ਗੁਰੂ ਨੇ ਛੋਹਿਆ ਸੀ। ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਪੂਰਨ ਮਨੁੱਖ ਬਣਾਉਣਾ ਚਾਹੁੰਦੇ ਸਨ। ਪੂਰਨ ਮਨੁੱਖ ਲਈ ਜ਼ਰੂਰੀ ਹੈ ਕਿ ਜਿਥੇ ਉਹ ਨਾਮ ਜਾਪ ਰਾਹੀਂ ਆਪਣੇ 'ਆਪੇ' ਨਾਲ ਜੁੜ ਕੇ ਅਧਿਆਤਮਕ ਸ਼ਕਤੀ ਪੈਦਾ ਕਰੇ, ਉਥੇ ਉਹ ਨਾਲ ਹੀ ਸੱਚ ਦਾ ਧਾਰਨੀ ਬਣ ਕੇ ਨਿਡਰਤਾ ਤੇ ਨਿਧੜਕਤਾ ਰਾਹੀਂ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਉਣ ਦੀ ਜੁਰਅਤ ਵਿਖਾ ਸਕੇ ਅਤੇ ਇਸ ਧਰਮ ਮਾਰਗ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰ ਸਕੇ। ਇਸ ਲਈ ਪੂਰਨ ਮਨੁੱਖ ਲਈ ਦੋ ਸ਼ਕਤੀਆਂ (ਅਧਿਆਤਮਕਤਾ ਅਤੇ ਬੀਰਤਾ) ਦਾ ਧਾਰਨ ਕਰਨਾ ਜ਼ਰੂਰੀ ਹੈ ਕਿਉਂਕਿ ਜਿਥੇ ਅਧਿਆਤਮਕਤਾ ਮਨੁੱਖ ਅੰਦਰ ਕੋਮਲਤਾ, ਪਿਆਰ ਅਤੇ ਦਇਆ ਪੈਦਾ ਕਰਦੀ ਹੈ ਉਥੇ ਬੀਰਤਾ ਸਖ਼ਤੀ, ਬਹਾਦਰੀ ਤੇ ਅਣਖ ਦੇ ਗੁਣਾਂ ਨੂੰ ਉਜਾਗਰ ਕਰਦੀ ਹੈ। ਇਸ ਤਰ੍ਹਾਂ ਜਿਥੇ ਨਿਰੋਲ ਅਧਿਆਤਮਕਤਾ ਮਨੁੱਖ ਨੂੰ ਬੁਜ਼ਦਿਲ, ਡਰਪੋਕ ਤੇ ਅਣਖਹੀਨ ਬਣਾ ਸਕਦੀ ਅਤੇ ਨਿਰੋਲ ਬੀਰਤਾ ਦੇ ਧਾਰਨੀ ਜ਼ਾਲਮ, ਲੁਟੇਰੇ ਤੇ ਿਕੜਬਾਜ਼ ਹੋ ਨਿਬੜਦੇ ਹਨ। ਸੰਪੂਰਨ ਮਨੁੱਖ ਤਾਂ ਇਕੋ ਸਮੇਂ ਭਗਤ ਵੀ ਹੁੰਦਾ ਹੈ ਅਤੇ ਦਾਤਾ ਤੇ ਸੂਰਮਾ ਵੀ। ਸੋ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਸਾਜਣਾ ਗੁਰੂ ਨਾਨਕ ਦੇਵ ਜੀ ਦੇ ਚਲਾਏ ਮਾਰਗ ਦਾ ਸਿਖਰ ਸੀ, ਕੋਈ ਵੱਖਰਾ ਰਸਤਾ ਨਹੀਂ ਸੀ।

ਸੋ ਗੁਰੂ ਗੋਬਿੰਦ ਸਿੰਘ ਜੀ ਦਾ ਮਿਸ਼ਨ ਮੁਕੰਮਲ ਤੇ ਖ਼ਾਲਸ ਇਨਸਾਨ ਬਣਾਉਣਾ ਸੀ ਜੋ ਆਪਣੇ ਤੇ ਦੂਜਿਆਂ ਦੇ ਧਰਮਾਂ ਦੀ ਰੱਖਿਆ ਕਰ ਸਕੇ, ਸਤਿਆਵਾਦੀ ਬਣ ਕੇ ਸੱਚ ਦਾ ਹਮੇਸ਼ਾ ਸਾਥ ਦੇਵੇ, ਭਾਵੇਂ ਇੰਝ ਕਰਨ ਵਿਚ ਉਸ ਨੂੰ ਕਿਤਨੀ ਵੀ ਕੀਮਤ ਕਿਉਂ ਨਾ ਚੁਕਾਉਣੀ ਪਵੇ। ਅਜਿਹੇ ਮਨੁੱਖ ਹੀ ਆਤਮਵਾਦ ਤੇ ਸੂਰਬੀਰਤਾ ਦੇ ਸੁਮੇਲ ਹੋ ਸਕਦੇ ਹਨ। ਇਸ ਮਿਸ਼ਨ ਦੀ ਸਫਲਤਾ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਕਾਲੀ ਧਰਮ ਦੇ ਪੈਰੋਕਾਰਾਂ ਲਈ ਰਹਿਤ ਉੱਤੇ ਬੜਾ ਜ਼ੋਰ ਦਿੱਤਾ। ਉਨ੍ਹਾਂ ਅਨੁਸਾਰ "ਰਹਿਤ ਪਿਆਰੀ ਮੁਝ ਕੋ, ਸਿਘ ਪਿਆਰੇ ਨਾ" ਭਾਵ ਸਿਖ ਉਹੋ ਹੀ ਪ੍ਰਵਾਨ ਹੋਵੇਗਾ ਜਿਸ ਦਾ ਜੀਵਨ ਸੁੱਚਾ ਤੇ ਸੱਚਾ ਹੈ। ਰਹਿਤ ਵਾਲੇ ਜੀਵਨ ਰਾਹੀਂ ਹੀ ਸੰਸਾਰ ਵਿਚ ਚੰਗੀਆਂ ਕੀਮਤਾਂ ਪ੍ਰਚਲਤ ਹੋ ਸਕਦੀਆਂ ਹਨ।

ਆਪਣੀ ਰਚਨਾਤਮਿਕ ਕਿਰਤ ਸਭ ਨੂੰ ਪਿਆਰੀ ਹੁੰਦੀ ਹੈ ਪਰ ਜਿਤਨਾ ਪਿਆਰ ਤੇ ਸਤਿਕਾਰ ਗੁਰੂ ਗੋਬਿੰਦ ਸਿੰਘ ਜੀ ਦੇ ਮਨ ਵਿਚ ਆਪਣੇ ਸਾਜੇ ਖ਼ਾਲਸੇ ਵਾਸਤੇ ਸੀ ਅਤੇ ਜਿਤਨੀ ਵੱਡੀ ਕੀਮਤ ਇਸ ਨੂੰ ਬਚਾਉਣ ਤੇ ਚਮਕਾਉਣ ਲਈ ਉਨ੍ਹਾਂ ਦਿੱਤੀ, ਉਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ ਪਰ ਖ਼ਾਲਸਾ ਉਹੋ ਹੀ ਅਖਵਾ ਸਕਦਾ ਹੈ ਜਿਸ ਵਿਚ –

***ਪੂਰਨ ਜੋਤ ਜਗੈ ਘਟ ਮੈ***
***ਤਬ ਖਾਲਸ ਤਾਹਿ ਨਖਾਲਸ ਜਾਨੈ।***

ਅਜਿਹਾ ਖ਼ਾਲਸਾ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਮਾਈ ਜਾਂ ਜੀਵਨ ਪੂੰਜੀ ਸੀ ਜਿਸ ਰਾਹੀਂ ਉਨ੍ਹਾਂ ਆਪਣੇ ਚੁਣੇ ਮਿਸ਼ਨ ਦੀ ਸਫਲਤਾ ਪ੍ਰਾਪਤ ਕਰਨੀ ਸੀ।

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥ ਖਾਲਸਾ ਮੇਰੋ ਮੁਖ ਹੈ ਅੰਗਾ॥ ਖ਼ਾਲਸੇ ਕੋ ਹੌਂ ਸਦ ਸਦ ਸੰਗਾ॥***

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਸਾਹਿਬ ਜਿਸ ਖ਼ਾਲਸੇ ਨੂੰ ਇਤਨਾ ਵੱਡਾ ਰੁਤਬਾ ਦੇਂਦੇ ਹਨ, ਕੀ ਉਹ ਖ਼ਾਲਸਾ ਕੁਝ ਇਸ ਤਰ੍ਹਾਂ ਦੀਆਂ ਸ਼ਾਨਦਾਰ ਰਵਾਇਤਾਂ ਕਾਇਮ ਕਰ ਸਕਿਆ ਹੈ। ਪੁਰਾਤਨ ਸਮੇਂ ਦੇ ਆਧਾਰ 'ਤੇ ਇਸ ਸਵਾਲ ਦਾ ਜਵਾਬ ਕਾਜ਼ੀ ਨੂਰ ਮੁਹੰਮਦ 'ਜੰਗ ਨਾਮੇ' ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ –

***ਇਹ ਯੁੱਧ ਭੂਮੀ ਵਿਚ ਸਚਮੁਚ ਸ਼ੇਰ ਵਾਂਗ ਹਨ।***
***ਤੇ ਫਿਰ ਅਮਨ ਸਮੇਂ ਇਹ ਹਾਤਮ ਤੋਂ ਵੱਧ ਹਨ।***

ਅੰਤ ਵਿਚ ਮੈਂ ਇਹ ਅਰਜ਼ ਕਰਨੀ ਚਾਹੁੰਦੀ ਹਾਂ ਕਿ ਅਜੋਕੇ ਵਿਗਿਆਨ ਦੇ ਯੁੱਗ ਵਿਚ ਇੰਨੀ ਤਰੱਕੀ ਦੀ ਬਾਵਜੂਦ ਵੀ ਮਨੁੱਖ ਪਰਮਾਤਮਾ ਦਾ ਰਹੱਸ ਅਤੇ ਉਸ ਦੀ ਰਚਨਾ ਦੀ ਮਹਾਨਤਾ ਨੂੰ ਪੂਰੀ ਤਰ੍ਹਾਂ ਨਕਾਰਨ ਅਤੇ ਉਸ ਰਚਨਾ ਦੀ ਬਰਾਬਰੀ ਕਰਨ ਦੇ ਅਸਮਰਥ ਰਿਹਾ ਹੈ। ਸੋ ਇਸ ਲਈ ਗੁਰੂ ਹੀ ਇਕੋ-ਇਕ ਕੜੀ ਹੈ ਜੋ ਮਨੁੱਖ ਨੂੰ ਉਸ ਅਕਾਲ ਪੁਰਖ ਦੀ ਹੋਂਦ ਨਾਲ ਅਭੇਦ ਹੋਣ ਦਾ ਮਾਰਗ ਦਰਸਾਉਂਦਾ ਹੈ ਅਤੇ ਉਸ ਪਰਮ ਪੁਰਖ ਨਾਲ ਇਕ-ਮਿਕ ਹੋਣ ਲਈ ਪ੍ਰੇਰਦਾ ਹੈ। ਲੋੜ ਹੈ ਅੱਜ ਦੇ ਜੀਵਨ ਵਿਚੋਂ ਕੁਝ ਪਲ ਕੱਢ ਕੇ 'ਧਰਮ' ਦੇ ਲੇਖੇ ਲਾਉਣ ਦੀ, ਖ਼ਾਲਸੇ ਦੇ ਅੰਦਰਲੇ ਬਾਹਰਲੇ ਨਿਆਰੇਪਨ ਨੂੰ ਸੁਰਜੀਤ ਕਰਨ ਦੀ ਅਤੇ ਸਹੀ ਅਰਥਾਂ ਵਿਚ ਗੁਰੂ ਦੇ 'ਸਪੂਤ' ਅਖਵਾਉਣ ਦੀ।

## ਸਹਾਇਤਾ ਆਤਮ ਰੰਗ ਦਸੰਬਰ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਅਖੰਡ ਕੀਰਤਨੀ ਜੱਥਾ, ਜਲੰਧਰ, ਜਲੰਧਰ ਸਮਾਗਮ ਤੇ ਮਾਰਫਤ ਭਾਈ ਬਲਜੀਤ ਸਿੰਘ ਜੀ | 5,100.00 |
| ◆ ਭਾਈ ਨੀਰਜ ਅਰੋੜਾ ਜੀ, ਚੰਡੀਗੜ੍ਹ | 11,000.00 |
| ◆ ਬੀਬੀ ਬਲਬੀਰ ਕੌਰ ਜੀ, ਕੈਨੇਡਾ | 31,000.00 |
| ◆ ਬੀਬੀ ਇੰਦਰਜੀਤ ਕੌਰ ਜੀ, ਚੰਡੀਗੜ੍ਹ | 5,000.00 |
| ◆ ਗੁਪਤ, ਅੰਮ੍ਰਿਤਸਰ | 10,000.00 |
| **ਕੁਲ ਜੋੜ** | **82,100.00** |

### Statement of Income & Expenditure for the Month of Dec., 2023 of *Atam Rang*

| | | |
|---|---|---|
| 1. | M/s Jai Offset Printers | 32,000.00 |
| 2. | Cost of Service Stamps | 12,600.00 |
| 3. | Cost of envelops & Printing | 12,000.00 |
| 4. | Cost of Sticker & Printing | 4,000.00 |
| 5. | Previous balance | 27,211.00 |
| **Total Expenditure upto 31.12.2023** | | **87,811.00** |
| Donation | | 82,100.00 |
| Membership | | – |
| **Total Income** | | **82,100.00** |
| **Expenditure** | | **87,811.00** |
| **Income** | | **82,100.00** |
| **Difference** | | **(-) 5,711.00** |

### ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 14 ਜਨਵਰੀ |
| ਪੂਰਨਮਾਸ਼ੀ | 25 ਜਨਵਰੀ |
| ਮੱਸਿਆ | 11 ਜਨਵਰੀ |
| ਪੰਚਮੀ | 15 ਜਨਵਰੀ |
| **ਗੁਰਪੁਰਬ** | |
| ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 17 ਜਨਵਰੀ |

### ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

# ਅਖੰਡ ਕੀਰਤਨ ਸਮਾਗਮ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ:), ਚੰਡੀਗੜ੍ਹ ਦੀ ਸਾਲਾਨਾ ਮਿੱਠੀ ਤੇ ਨਿੱਘੀ ਯਾਦ ਵਿੱਚ ਅਤੇ ਗੁਰਪੁਰਵਾਸੀ ਮਾਤਾ ਕੁਲਵੰਤ ਕੌਰ ਜੀ (ਸਿੰਘਣੀ ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ) ਦੀ ਪਹਿਲੀ ਬਰਸੀ ਪਰਿਵਾਰ ਵਲੋਂ ਮਿਤੀ 07 ਜਨਵਰੀ 2024 ਦਿਨ ਐਤਵਾਰ ਨੂੰ ਉਨ੍ਹਾਂ ਦੇ ਗ੍ਰਹਿ ਮਕਾਨ ਨੰ: 245, ਸੈਕਟਰ 35-ਏ, ਚੰਡੀਗੜ੍ਹ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ ਸਵੇਰੇ 8 ਵਜੇ ਤੋਂ ਦੁਪਿ: 2-30 ਵਜੇ ਤੱਕ ਹੋਣਗੇ। ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

## ਬੇਨਤੀ ਕਰਤਾ :

ਮਨਪ੍ਰੀਤ ਸਿੰਘ (ਸਪੁੱਤਰ) ਮੁੱਖ ਸੰਪਾਦਕ ਆਤਮ ਰੰਗ
ਅਤੇ ਸਮੂਹ ਪਰਿਵਾਰ

ਅਖੰਡ ਕੀਰਤਨੀ ਜੱਥਾ (ਰਜਿ:) ਚੰਡੀਗੜ੍ਹ | ਆਤਮ ਰੰਗ ਮੈਗਜ਼ੀਨ
ਐਮ ਪੀ ਇਮਪੈਕਸ ਪ੍ਰ: ਲਿ: ਚੰਡੀਗੜ੍ਹ

ਵਧੇਰੇ ਜਾਣਕਾਰੀ ਲਈ : 9814300245, 7528900045

ਗੁਰਮਤਿ ਰਹਿਤ ਰਹਿਣੀ ਵਿੱਚ ਪ੍ਰਪੱਕ ਰਹਿ ਕੇ ਪੰਥ ਦੀ ਸੇਵਾ ਕਰਨ ਵਾਲੇ
ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿੱਚ

# ਸਾਲਾਨਾ ਅਖੰਡ ਕੀਰਤਨ ਸਮਾਗਮ ਬਠਿੰਡਾ

## 28 ਫਰਵਰੀ ਤੋਂ 3 ਮਾਰਚ 2024 ਸਵੇਰ ਤੱਕ

| | |
|---|---|
| 28 ਫਰਵਰੀ 2024<br>ਦਿਨ ਬੁੱਧਵਾਰ | ਆਸਾ ਦੀ ਵਾਰ ਕੀਰਤਨ ਅੰਮ੍ਰਿਤ ਵੇਲੇ 4 ਵਜੇ ਤੋਂ 6 ਵਜੇ ਤੱਕ<br>ਉਪਰੰਤ ਆਰੰਭ ਸ਼੍ਰੀ ਅਖੰਡ ਪਾਠ ਸਾਹਿਬ, ਗੁ: ਸਿੰਘ ਸਭਾ, ਬਠਿੰਡਾ |
| 1 ਮਾਰਚ 2024<br>ਦਿਨ ਸ਼ੁੱਕਰਵਾਰ (ਸਵੇਰੇ) | ਭੋਗ ਸ਼੍ਰੀ ਅਖੰਡ ਪਾਠ ਸਾਹਿਬ ਅਤੇ ਦਿਵਸ ਸੁਹੇਲਾ<br>ਦੁਪਹਿਰ 12 ਵਜੇ ਤੱਕ, ਗੁ: ਸਿੰਘ ਸਭਾ, ਬਠਿੰਡਾ |
| 1 ਮਾਰਚ 2024<br>ਦਿਨ ਸ਼ੁੱਕਰਵਾਰ (ਸ਼ਾਮ) | ਅਖੰਡ ਕੀਰਤਨ ਸਮਾਗਮ ਸ਼ਾਮ 4 ਵਜੇ ਤੋਂ 9 ਵਜੇ ਤੱਕ<br>ਗੁ: ਕਿਲਾ ਮੁਬਾਰਕ ਪਾਤਸ਼ਾਹੀ 10ਵੀਂ |
| 2 ਮਾਰਚ 2024<br>ਦਿਨ ਸ਼ਨੀਵਾਰ | ਅਖੰਡ ਕੀਰਤਨ ਸਮਾਗਮ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ<br>ਤਖ਼ਤ ਸ਼੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਹੋਣਗੇ |

## ਕੀਰਤਨ ਰੈਣਿ ਸਬਾਈ 2 ਮਾਰਚ 2024

ਸ਼ਾਮ 6 ਵਜੇ ਤੋਂ ਅਗਲੀ ਸਵੇਰ 5 ਵਜੇ ਤੱਕ, ਗੁ: ਸਿੰਘ ਸਭਾ, ਬਠਿੰਡਾ

ਅੰਮ੍ਰਿਤ ਵੇਲਾ ਸਮਾਗਮ
ਹਰ ਰੋਜ਼ 12 ਵਜੇ ਤੋਂ 3 ਵਜੇ ਤੱਕ
ਗੁ: ਸਿੰਘ ਸਭਾ ਵਿਖੇ

ਅੰਮ੍ਰਿਤ ਸੰਚਾਰ ਸਮਾਗਮ
2 ਮਾਰਚ ਸ਼ਾਮ 6 ਵਜੇ
ਆਰੰਭ ਹੋਣਗੇ।

ਸਿੱਧਾ ਪ੍ਰਸਾਰਨ www.akg.org ਤੇ ਦੇਖ ਸਕਦੇ ਹੋ।

ਨੋਟ: ਤਖ਼ਤ ਸ਼੍ਰੀ ਦਮਦਮਾ ਸਾਹਿਬ ਵਿਖੇ ਗੁ: ਸਿੰਘ ਸਭਾ ਬਠਿੰਡਾ ਤੋਂ ਬੱਸਾਂ ਜਾਣਗੀਆਂ

ਰਿਹਾਇਸ਼ ਅਤੇ ਲੰਗਰ ਗੁਰਦੁਆਰਾ ਸਿੰਘ ਸਭਾ ਬਠਿੰਡਾ ਵਿਖੇ।

ਵਿਸ਼ੇਸ਼ ਸਹਿਯੋਗ: ਸ਼੍ਰੋ:ਗੁ:ਪ੍ਰੰ: ਕਮੇਟੀ, ਸ਼੍ਰੀ ਅੰਮ੍ਰਿਤਸਰ ਸਾਹਿਬ
ਅਤੇ ਗੁ: ਪ੍ਰਬੰਧਕ ਕਮੇਟੀ ਸਿੰਘ ਸਭਾ ਬਠਿੰਡਾ, ਦਾਸਰੇ ਅਖੰਡ ਕੀਰਤਨੀ ਜੱਥਾ ਅਤੇ ਸਮੂਹ ਸਾਧ ਸੰਗਤ ਬਠਿੰਡਾ

ਮੋਬ. 94632-14774, 98724-48866, 98150-17227, 78889-40067, 99888-52074

**ਰਾਮ ਰਾਮ ਰਾਮੰ ਕੀਰਤਨੁ ਗਾਇ ॥ ਰਮਤ ਰਾਮੁ ਸਭ ਰਹਿਓ ਸਮਾਇ ॥**

**ਭਗਤਿ ਭਾਇ ਹਰਿ ਕੀਰਨਤੁ ਕਰੀਐ ।।।**













ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 25.11.2023 ਤੋਂ ਲੈ ਕੇ 28.11.2023 ਤਕ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਅਖੰਡ ਕੀਰਤਨੀ ਜੱਥਾ, ਜਲੰਧਰ (ਰਜਿ.) ਵੱਲੋਂ ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਨਾ ਜੀਵਨ ਸਫਲ ਕੀਤਾ।ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

# ATAM RANG
## JANAURY
## 2024

Postal Regd. No.
CHDG/0025/2024-26

**ਹਮ ਢਾਢੀ ਹਰਿ ਪ੍ਰਭ ਖਸਮ ਕੇ, ਨਿਤ ਗਾਵਹ ਹਰਿ ਗੁਣ ਛੰਤਾ ॥**














Design & Print: Jai Offset Printers 0172-861690

ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 25.11.2023 ਤੋਂ ਲੈ ਕੇ 28.11.2023 ਤਕ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਅਖੰਡ ਕੀਰਤਨੀ ਜੱਥਾ, ਜਲੰਧਰ (ਰਜਿ.) ਵੱਲੋਂ ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।